# ਸਵਰਗ ਤੋਂ ਪੈਦਾ ਹੋਣਾ

ਅਸੀਂ ਸਾਰੇ ਆਪਣੇ ਮਾਤਾ ਪਿਤਾ ਦੀ ਸੰਤਾਨ ਹਾਂ। ਮਾਤਾ ਪਿਤਾ ਤੋਂ ਸਾਨੂੰ ਇਸ ਜੀਵਨ ਦਾ ਬਹੁਤ ਕੁੱਝ ਮਿਲਦਾ ਹੈ। ਪਰ ਜਦ ਅਸੀਂ ਪਰਮੇਸ਼ੁਰ ਤੋਂ ਪੈਦਾ ਹੁੰਦੇ ਹਾਂ ਤਦ ਪਰਮੇਸ਼ੁਰ ਦਾ ਜੀਵਨ ਸਾਡੇ ਅੰਦਰ ਆਉਂਦਾ ਹੈ!

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਪਰਮੇਸ਼ੁਰ ਉਹਦਾ ਪਿਤਾ ਹੈ। ਪ੍ਰਭੂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ - "ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ,- ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ।" (ਮੱਤੀ 6:9) ਵਿਸ਼ਵਾਸੀ ਜਾਣਦੇ ਹਨ ਕਿ ਉਹਨਾਂ ਦਾ ਪਿਤਾ ਸੁਰਗ ਤੋਂ ਸਦਾ ਰਾਜ ਕਰਦਾ ਹੈ।

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਅਨਾਥ ਨਹੀ ਹੈ - ਓਹ ਜਦ ਉਦਾਸ ਹੁੰਦਾ ਹੈ, ਆਪਣੇ ਪਿਤਾ ਪਰਮੇਸ਼ੁਰ ਦੇ ਕੋਲ ਜਾ ਕੇ ਆਪਣਾ ਦਿਲ ਖੋਲ੍ਹਦਾ ਹੈ। ਪ੍ਰਭੂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ - " ਮੈਂ ਤੁਹਾਨੂੰ ਅਨਾਥ ਨਹੀਂ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ।" (ਯੂਹੰਨਾ 14:18) ਜਦ ਅਸੀਂ ਪਰਮੇਸ਼ੁਰ ਤੋਂ ਪੈਦਾ ਹੁੰਦੇ ਹਾਂ ਤਦ ਮਸੀਹ ਦਾ ਆਤਮਾ ਜੋ ਸਚਿਆਈ ਦਾ ਆਤਮਾ ਹੈ ਸਾਡੇ ਅੰਦਰ ਆਉਂਦਾ ਹੈ। ਪੌਲੁਸ ਨੇ ਆਖਿਆ - "ਅਤੇ ਤੁਸੀਂ ਜੋ ਪੁੱਤ੍ਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ", ਅਰਥਾਤ "ਹੇ ਪਿਤਾ" ਪੁਕਾਰਦਾ ਹੈ।" (ਗਲਤੀਆਂ 4:6)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਆਪਣੇ ਪਿਤਾ ਨੂੰ ਜਾਣਦਾ ਹੈ ਅਤੇ ਹਰ ਚੰਗੀ ਦਾਤ ਉਸ ਤੋਂ ਮੰਗ ਸਕਦਾ ਹੈ। ਪ੍ਰਭੂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ - "ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ!" (ਲੂਕਾ 11:13) ਪਰਮੇਸ਼ੁਰ ਦੇ ਬਾਲਕ ਆਪਣੇ ਪਿਤਾ ਕੋਲ ਹਰ ਵੇਲੇ ਆ ਕੇ ਆਪ ਹੀ ਮੰਗ ਸਕਦੇ ਹਨ।

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਆਪਣੇ ਸੁਰਗੀ ਪਿਤਾ ਦੀ ਰੀਸ ਕਰਦਾ ਹੈ। "ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ।" "ਸੋ ਤੁਸੀਂ ਪਿਆਰਿਆਂ ਪੁੱਤ੍ਰਾਂ ਵਾਂਙੁ ਪਰਮੇਸ਼ੁਰ ਦੀ ਰੀਸ ਕਰੋ।" (ਮੱਤੀ 5:48 ਅਤੇ ਅਫ਼ਸੀਆਂ 5:1)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਆਤਮਾ ਅਤੇ ਸਚਿਆਈ ਨਾਲ ਆਪਣੇ ਪਿਤਾ ਦੀ ਉਸਤਤ ਕਰਦਾ ਹੈ।"ਪਰ ਉਹ ਸਮਾ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ।" (ਯੂਹੰਨਾ 4:23)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਪ੍ਰਭੂ ਯਿਸੂ ਵਿੱਚ ਪਿਤਾ ਨੂੰ ਵੇਖਦਾ ਹੈ।"ਯਿਸੂ ਨੇ ਉਹ ਨੂੰ ਆਖਿਆ...ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ...ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ।" (ਯੂਹੰਨਾ 14:9-10)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਪ੍ਰਭੂ ਯਿਸੂ ਨੂੰ ਪਿਆਰ ਕਰਦਾ ਹੈ। "ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ।" (ਯੂਹੰਨਾ 14:21)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ 'ਪਵਿੱਤਰਤਾਈ' ਨੂੰ ਪਿਆਰ ਕਰਦਾ ਹੈ।"ਇਸ ਲਈ ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ, ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤ੍ਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।" (2ਕੁਰਿੰਥੀਆਂ 6:17-18)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਉਹ ਪਿਤਾ ਦੀ ਤਾੜਨਾ ਨੂੰ ਖੁਸ਼ੀ ਨਾਲ ਕਬੂਲ ਕਰਦਾ ਹੈ। "ਹੇ ਮੇਰੇ ਪੁੱਤ੍ਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ।" (ਇਬਰਾਨੀਆਂ 12:5)

ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ - ਸੰਸਾਰ ਉਹਨੂੰ ਨਹੀਂ ਜਾਣਦਾ। "ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ਅਤੇ ਏਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ।" (1ਯੂਹੰਨਾ 3:1)

ਜਦੋਂ ਅਸੀਂ ਆਪਣੇ ਮਾਤਾ ਪਿਤਾ ਤੋਂ ਪੈਦਾ ਹੁੰਦੇ ਹਾਂ, ਉਨ੍ਹਾਂ ਦਾ ਧਰਮ ਵੀ ਸਾਨੂੰ ਮਿਲ ਜਾਂਦਾ ਹੈ। ***ਅਸੀਂ ਜਿਸ ਧਰਮ ਵਿਚ ਵੀ*** ਪੈਦਾ ਹੁੰਦੇ ਹਾਂ ਉਸੇ ਧਰਮ ਨੂੰ ਧਾਰਣ ਕਰ ਲੈਂਦੇ ਹਾਂ। ਕੁਝ ਲੋਕੀ ਧਰਮ ਬਦਲ ਲੈਂਦੇ ਹਨ - ਧਰਮ ਬਦਲਣ ਤੋਂ ਕੁਝ ਵੀ ਨਹੀਂ ਲੱਭਦਾ। ਪ੍ਰਭੂ ਯਿਸੂ ਧਰਮ ਦੇਣ ਨਹੀਂ ਸੀ ਆਏ। ***ਮਸੀਹੀ ਧਰਮ ਵਿਚ ਜਿਨ੍ਹਾਂ ਦਾ ਜਨਮ ਹੋਇਆ ਹੈ ਉਨ੍ਹਾਂ ਲਈ ਵੀ ਜ਼ਰੂਰੀ ਹੈ ਕਿ ਉਹ ਪਰਮੇਸ਼ੁਰ ਤੋਂ ਜਨਮ ਲੈਣ।*** ਪਰਮੇਸ਼ੁਰ ਤੋਂ ਪੈਦਾ ਹੋਣ ਨਾਲ ਸਭ ਕੁਝ ਬਦਲ ਜਾਂਦਾ ਹੈ! ਕੀ ਤੁਸੀਂ ਪਰਮੇਸ਼ੁਰ ਤੋਂ ਪੈਦਾ ਹੋਏ ਹੋ? ਧਰਮ ਸਾਨੂੰ ਕਿਸੇ "ਇੱਕ" ਜਾ "ਅਨੇਕ" ਉੱਤੇ ਵਿਸ਼ਵਾਸ ਕਰਨ ਨੂੰ ਆਖਦਾ ਹੈ। ਪਰਮੇਸ਼ੁਰ ਤੋਂ ਪੈਦਾ ਹੋਣਾ ਸਾਨੂੰ ਜੀਵਨਦਾਤਾ- ਪਰਮੇਸ਼ੁਰ ਨਾਲ ਜੋੜਦਾ ਹੈ। ਧਰਮ ਆਖਦਾ ਹੈ ਜੇ ਤੇਰਾ ਵਿਸ਼ਵਾਸ ਵੱਡਾ ਹੋਵੇ ਤਾਂ...। ਜਿਸ ਦਾ ਪਰਮੇਸ਼ੁਰ ਤੋ ਜਨਮ ਹੋਇਆ ਉਹ ਆਖਦਾ ਹੈ, "ਮੇਰੇ ਵਿਸ਼ਵਾਸ ਦਾ ਕਰਤਾ ਮੇਰਾ ਪਿਤਾ ਪਰਮੇਸ਼ੁਰ ਵੱਡਾ ਹੈ - ਮੈਂ ਆਪਣੇ ਵਿਸ਼ਵਾਸ ਨੂੰ ਨਹੀਂ ਦੇਖਦਾ ਸਗੋਂ ਆਪਣੇ ਪਿਤਾ ਨਾਲ ਜੁੜਿਆ ਰਹਿੰਦਾ ਹਾਂ।" ਜਦੋਂ ਅਸੀਂ ਪਰਮੇਸ਼ੁਰ ਤੋਂ ਪੈਦਾ ਹੁੰਦੇ ਹਾਂ ਪਰਮੇਸ਼ੁਰ ਦਾ ਜੀਵਨ ਸਾਡੇ ਅੰਦਰ ਆਉਂਦਾ ਹੈ। ਪ੍ਰਭੂ ਯਿਸੂ ਦੇ ਦਿਨਾਂ ਵਿੱਚ ਵੀ ਲੋਕੀ ਫਰਕ - ਫਰਕ ਧਰਮਾਂ ਦੀ ਪਾਲਨਾ ਕਰਦੇ ਸਨ। ਉਹ ਇੱਕ ਨਵਾਂ ਧਰਮ ਚਲਾਉਣ ਨਹੀਂ ਸੀ ਆਏ, *ਪ੍ਰਭੂ ਯਿਸੂ ਨੇ ਕਿਹਾ,-* ***"ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ।" ਯੂਹੰਨਾ 10:10*** ਜੀਵਨ ਸਾਨੂੰ ਕਿਸੇ ਵੀ ਧਰਮ ਤੋਂ ਨਹੀਂ ਮਿਲਦਾ, ਜਦ ਅਸੀਂ ਪਰਮੇਸ਼ੁਰ ਤੋ ਜਨਮ ਲੈਂਦੇ ਹਾਂ ਸਾਨੂੰ ਉਹ ਜੀਵਨ ਮਿਲ ਜਾਂਦਾ ਹੈ ਜੋ ਸਾਥੋਂ ਕੋਈ ਵੀ ਖੋਹ ਨਹੀਂ ਸਕਦਾ!

"ਪਰ ਜਿੰਨਿਆਂ ਨੇ ਉਸ (ਪ੍ਰਭੂ ਯਿਸੂ) ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ **ਪਰਮੇਸ਼ੁਰ ਦੇ ਪੁੱਤ੍ਰ** ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ (ਪ੍ਰਭੂ ਯਿਸੂ) ਦੇ ਨਾਮ ਉੱਤੇ ਨਿਹਚਾ ਕੀਤੀ ਓਹ **ਨਾ** ਲਹੂ ਤੋਂ, **ਨਾ** ਸਰੀਰ ਦੀ ਇੱਛਿਆ ਤੋਂ, **ਨਾ** ਪੁਰਖ ਦੀ ਇੱਛਿਆ ਤੋਂ ਪਰ **ਪਰਮੇਸ਼ੁਰ ਤੋਂ ਪੈਦਾ ਹੋਏ।**" (ਯੂਹੰਨਾ 1:12-13)

**"ਤੂੰ ਤਾਂ ਸਾਡਾ ਪਿਤਾ ਹੈਂ,...ਪਰ ਤੂੰ ਯਹੋਵਾਹ ਸਾਡਾ ਪਿਤਾ ਹੈਂ, ਸਾਡਾ ਛੁਡਾਉਣ ਵਾਲਾ,**
**ਤੇਰਾ ਨਾਮ ਸਦੀਪਕਾਲ ਤੋਂ ਹੈ।"**
(ਯਸਾਯਾਹ 63:16)

## ਜੀਵਨ

*ਪ੍ਰਭੂ ਯਿਸੂ ਨੇ ਕਿਹਾ,-* ***"ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ।"*** (*ਯੂਹੰਨਾ 10:10)* ਕੀ ਤੁਸੀਂ ਪ੍ਰਭੂ ਯਿਸੂ ਨੂੰ ਆਪਣਾ ਮੁਕਤੀਦਾਤਾ ਕਰਕੇ ਕਬੂਲ ਕੀਤਾ ਹੈ ਅਤੇ ਤੁਹਾਡੇ ਅੰਦਰ ਉਹਨਾਂ ਦਾ ਜੀਵਨ ਆਇਆ ਹੈ? *ਯੂਹੰਨਾ ਨੇ ਕਿਹਾ* - "**ਜਿਹ ਦੇ ਕੋਲ ਪੁੱਤ੍ਰ ਹੈ ਉਹ ਦੇ ਕੋਲ ਜੀਵਨ ਹੈ।** ਜਿਹ ਦੇ ਕੋਲ ਪਰਮੇਸ਼ੁਰ ਦਾ ਪੁਤ੍ਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ।" (1ਯੂਹੰਨਾ 5:12) *ਪ੍ਰਭੂ ਯਿਸੂ ਨੇ ਕਿਹਾ* - "ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ **ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ।** ਅਚਰਜ ਨਾ ਮੰਨੀਂ ਜੋ ਮੈਂ ਤੈਨੂੰ ਆਖਿਆ ਭਈ **ਤੁਹਾਨੂੰ ਨਵੇਂ ਸਿਰੇ ਜੰਮਣਾ ਜ਼ਰੂਰ ਹੈ।**"( ਯੂਹੰਨਾ 3:6-7) ਕੀ ਤੁਸੀਂ ਨਵੇਂ ਸਿਰਿਓਂ ਜੰਮ ਪਏ ਹੋ? *ਪੌਲੁਸ ਨੇ ਆਖਿਆ* - "ਪਰ ਜਾਂ ਸਾਡੇ ਮੁਕਤੀ ਦਾਤਾ ਪਰਮੇਸ਼ੁਰ ਦੀ ਦਿਆਲਗੀ ਅਤੇ ਪ੍ਰੇਮ ਜੋ ਮਨੁੱਖਾਂ ਨਾਲ ਸੀ ਪਰਗਟ ਹੋਇਆ ਤਾਂ ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ **ਸਗੋਂ ਆਪਣੇ ਰਹਮ (ਦਯਾ) ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ।** ਜਿਹ ਨੂੰ ਉਸ ਨੇ ਸਾਡੇ

ਮੁਕਤੀ ਦਾਤਾ ਯਿਸੂ ਮਸੀਹ ਦੇ ਦੁਆਰਾ ਸਾਡੇ ਉੱਤੇ ਬਹੁਤ ਕਰਕੇ ਵਹਾ ਦਿੱਤਾ। **ਭਈ ਅਸੀਂ ਉਹ ਦੀ ਕਿਰਪਾ ਨਾਲ ਧਰਮੀ ਠਹਿਰ ਕੇ ਆਸ ਦੇ ਅਨੁਸਾਰ ਸਦੀਪਕ ਜੀਵਨ ਦੇ ਅਧਕਾਰੀ ਹੋਈਏ।** (ਤੀਤੁਸ 3:4-7)

ਪ੍ਰਭੁ ਯਿਸੂ ਤੇ ਵਿਸ਼ਵਾਸ ਕਰਨ ਨਾਲ ਅਸੀਂ ਪਰਮੇਸ਼ੁਰ ਦੇ ਸਾਹਮਣੇ ਧਰਮੀ (ਉਚਿਤ) ਠਹਿਰਾਏ ਜਾਂਦੇ ਹਾਂ। ਅਸੀਂ ਸਦੀਪਕ ਜੀਵਨ ਪਰਾਪਤ ਕਰਦੇ ਹਾਂ। ਪਰਮੇਸ਼ੁਰ ਆਪਣੀ ਦਯਾ ਦੇ ਅਨੁਸਾਰ ਸਾਡੇ ਪਾਪ ਮਾਫ਼ ਕਰਦਾ ਹੈ - ਕਿਉਂ ਜੋ ਪ੍ਰਭੁ ਯਿਸੂ ਮਸੀਹ ਨੇ ਸਲੀਬ ਉੱਤੇ ਸਾਡੇ ਪਾਪ ਦਾ ਦੰਡ ਆਪ ਸਹਿ ਲਿਆ। ਇਹ ਸਾਡੇ ਕਿਸੇ ਚੰਗੇ ਕੰਮਾ ਦੇ ਕਾਰਨ ਨਹੀਂ ਹੋਇਆ ਕਿਉਂ ਜੋ ਅਸੀ ਸਾਰੇ ਹੀ ਪਾਪੀ ਹਾਂ-"**ਜਿਵੇਂ ਲਿਖਿਆ ਹੋਇਆ ਹੈ,-ਕੋਈ ਧਰਮੀ ਨਹੀਂ, ਇੱਕ ਵੀ ਨਹੀਂ,...ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।**" (ਰੋਮੀਆਂ 3:10; 23) ਪ੍ਰਭੁ ਯਿਸੂ ਪਾਪ ਰਹਿਤ ਸੀ। "**ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ** (ਪਰਮੇਸ਼ੁਰ ਦੇ ਸਾਹਮਣੇ ਉਚਿਤ) **ਬਣੀਏ।**"(2ਕੁਰਿੰਥੀਆਂ 5:21) ਆਪਣੇ ਚੇਲਿਆਂ ਨੂੰ ਪ੍ਰਭੁ ਨੇ ਕਿਹਾ-"**ਉਸ ਸਮੇ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜੁਰਗਾਂ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉੱਠਾਂ।**"(ਮੱਤੀ 16:21) ਪਾਪ ਰਹਿਤ ਪ੍ਰਭੁ ਯਿਸੂ ਆਪਣੀ ਸਲੀਬੀ ਮੌਤ ਦੇ ਬਾਦ ਤੀਸਰੇ ਦਿਨ ਜੀ ਉੱਠਿਆ! ਪ੍ਰਭੁ ਯਿਸੂ ਆਪਣੇ ਵਿਸ਼ਵਾਸੀ ਦੇ ਪਾਪ ਮਾਫ਼ ਕਰਕੇ ਪਵਿੱਤਰ ਆਤਮਾ ਦੇ ਦੁਆਰਾ ਅੰਦਰ ਆ ਕੇ ਵਾਸ ਕਰਦੇ ਹਨ। ਪਵਿੱਤਰ ਆਤਮਾ ਪ੍ਰਭੁ ਯਿਸੂ ਦਾ ਜੀਵਨ ਲੈ ਕੇ ਆਉਂਦਾ ਹੈ ਤਾਂ ਜੋ ਉਸ ਜੀਵਨ ਦੀ ਤਰੱਕੀ ਵਿਸ਼ਵਾਸੀ ਦੇ ਅੰਦਰ ਹੋਵੇ। ਤੁਸੀਂ ਵੀ ਪਰਮੇਸ਼ੁਰ ਤੋਂ ਪੈਦਾ ਹੋ ਸਕਦੇ ਹੋ। ਤੁਸੀਂ ਵੀ ਪਰਮੇਸ਼ੁਰ ਦਾ ਜੀਵਨ ਪਰਾਪਤ ਕਰ ਸਕਦੇ ਹੋ। ਤੁਸੀਂ ਵੀ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਉਚਿਤ ਠਹਿਰਾਏ ਜਾ ਸਕਦੇ ਹੋ। ਜੇ ਤੁਸੀਂ ਸੱਚੇ ਦਿਲ ਨਾਲ ਮੰਗੋ, ਤਾਂ ਪ੍ਰਭੁ ਹੁਣੇ ਹੀ ਤੁਹਾਡੀ ਪ੍ਰਾਰਥਨਾ ਨੂੰ ਸੁਣੇਗਾ।

***ਹੇ ਪਰਮੇਸ਼ੁਰ ਮੈਂ ਪਾਪੀ ਹਾਂ। ਮੈਂ ਵਿਸ਼ਵਾਸ ਕਰਦਾ ਹਾਂ ਕਿ ਪ੍ਰਭੁ ਯਿਸੂ ਨੇ ਸਲੀਬ ਤੇ ਮੇਰੇ ਪਾਪਾਂ ਦੇ ਲਈ ਆਪਣੀ ਜਾਨ ਦਿੱਤੀ ਅਤੇ ਲਹੂ ਵਹਾਇਆ। ਉਹ ਮੇਰੇ ਲਈ ਜੀ ਉੱਠੇ ਕਿ ਮੈਨੂੰ ਜੀਵਨ ਦੇਣ। ਹੇ ਪਰਮੇਸ਼ੁਰ ਮੈਨੂੰ ਮਾਫ਼ ਕਰ, ਮੈਂ ਆਪਣੇ ਪਾਪ ਤੋਂ ਪਛਤਾਵਾ ਕਰਦਾ ਹਾਂ। ਮੈਂ ਆਪਣਾ ਦਿਲ ਪ੍ਰਭੁ ਯਿਸੂ ਦੇ ਲਈ ਖੋਲਦਾ ਹਾਂ। ਹੇ ਪ੍ਰਭੁ ਮੇਰੇ ਅੰਦਰ ਆਪਣਾ ਜੀਵਨ ਲੈ ਕੇ ਆ। ਆਪਣੇ ਆਤਮਾ ਦੁਆਰਾ ਮੇਰੇ ਅੰਦਰ ਆ ਕੇ ਰਾਜ ਕਰ।***

ਹੁਣ ਤੁਸੀਂ ਪਰਮੇਸ਼ੁਰ ਦਾ ਧੰਨਬਾਦ ਕਰੋ ਕਿਉਂ ਜੋ ਉਸਨੇ ਤੁਹਾਡੀ ਪ੍ਰਾਰਥਨਾ ਨੂੰ ਸੁਣਿਆ ਹੈ - "ਕਿਉਂ ਜੋ ਪ੍ਰਭੁ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ।" ਪ੍ਰਭੁ ਯਿਸੂ ਨੇ ਕਿਹਾ, - "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ੍ਹ ਮੈਨੂੰ ਘੱਲਿਆ ਸਦੀਪਕ ਜੀਵਨ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।" (1ਪਤਰਸ 3:12 ਅਤੇ ਯੂਹੰਨਾ 5:24)

**"ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ ਗਿਆ, ਜਿਹ ਦਾ ਪਾਪ ਢੱਕਿਆ ਹੋਇਆ ਹੈ।"**
**"ਹੇ ਮੇਰੀ ਜਾਨ, ਯਹੋਵਾਹ ਨੂੰ ਮੁਬਾਰਕ ਆਖ,**
**ਹੇ ਯਹੋਵਾਹ, ਮੇਰੇ ਪਰਮੇਸ਼ੁਰ, ਤੂੰ ਅੱਤ ਮਹਾਨ ਹੈਂ।"**
(ਜ਼ਬੂਰਾਂ ਦੀ ਪੋਥੀ 32:1 ਅਤੇ 104:1)

## **ਵਿਸ਼ਵਾਸੀ ਦਾ ਜੀਵਨ**

***"ਉਸ (ਪ੍ਰਭੂ ਯਿਸੂ) ਵਿੱਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ।"***

(ਯੂਹੰਨਾ 1:4)

**ਜੀਵਨ ਪ੍ਰੇਮ ਕਰਦਾ ਹੈ।** "ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ ਮੇਰੇ ਪ੍ਰੇਮ ਵਿੱਚ ਰਹੋ।" (ਯੂਹੰਨਾ 15:9)
**ਜੀਵਨ ਅਨੰਦ ਅਤੇ ਖੁਸ਼ੀ ਦਾ ਅਨੁਭਵ ਕਰਦਾ ਹੈ।** "ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਜੋ ਮੇਰੀ ਖੁਸ਼ੀ ਤੁਹਾਡੇ ਵਿੱਚ ਹੋਵੇ ਅਤੇ ਤੁਹਾਡੀ ਖੁਸ਼ੀ ਪੂਰੀ ਹੋ ਜਾਵੇ।" (ਯੂਹੰਨਾ 15:11)
**ਜੀਵਨ ਵਿੱਚ ਰੋਣਾ ਅਤੇ ਦੁੱਖ ਵੀ ਹੁੰਦਾ ਹੈ।** "ਯਿਸੂ ਰੋਇਆ।" "ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, ਮੇਰਾ ਜੀ ਬਹੁਤ ਉਦਾਸ ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੇ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ। ਅਰ ਥੋੜਾ ਅੱਗੇ ਵਧ ਕੇ ਮੂੰਹ ਭਾਰ ਪੈ ਗਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ, ਹੇ ਮੇਰੇ ਪਿਤਾ, ਜੇ ਹੋ ਸੱਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ।"(ਯੂਹੰਨਾ 11:35 ਅਤੇ ਮੱਤੀ 26:38-39)
**ਜੀਵਨ ਵਧਦਾ ਅਤੇ ਤਰੱਕੀ ਕਰਦਾ ਹੈ।** "ਉਹ ਮੁੰਡਾ ਵਧਦਾ ਅਤੇ ਗਿਆਨ ਨਾਲ ਭਰਪੂਰ ਹੋਕੇ ਜ਼ੋਰ ਫੜਦਾ ਗਿਆ, ਅਤੇ ਪ੍ਰਭੂ ਦੀ ਕਿਰਪਾ ਉਸ ਉੱਤੇ ਸੀ।" " ਅਤੇ ਯਿਸੂ ਗਿਆਨ ਅਰ ਕੱਦ ਅਰ ਪਰਮੇਸ਼ੁਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵਧਦਾ ਗਿਆ।" (ਲੂਕਾ 2:40 ਅਤੇ 52)
**ਜੀਵਨ - ਜੀਵਨ ਨੂੰ ਜਨਮ ਦਿੰਦਾ ਹੈ।** "ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ।" (1ਪਤਰਸ 1:3)

**ਜੀਵਨ ਕੋਈ 'ਚੀਜ਼' ਨਹੀਂ ਹੈ।** ਜੀਵਨ - ਜੀਵਨ ਹੈ। ਜੀਵਨ ਵਿੱਚ ਹਲਚਲ ਹੈ! ***ਜੀਵਨ-ਪ੍ਰੇਮ ਕਰਦਾ, ਹੱਸਦਾ,ਰੋਂਦਾ, ਅਨੰਦ ਕਰਦਾ, ਵਧਦਾ ਅਤੇ ਤਰੱਕੀ ਕਰਦਾ ਅਤੇ ਦੂਜਿਆਂ ਨੂੰ ਜਨਮ ਦਿੰਦਾ ਹੈ।***

**ਮੁਰਦਾ ਇਹ ਸਭ ਕੁਝ ਨਹੀਂ ਕਰ ਸਕਦਾ**! "ਮੁਰਦੇ ਯਹੋਵਾਹ (ਪਰਮੇਸ਼ੁਰ) ਦੀ ਉਸਤਤ ਨਹੀਂ ਕਰਦੇ," (ਜ਼ਬੂਰ 115:17)

ਇੱਕ ਵਿਸ਼ਵਾਸੀ ਇਹ ਆਖਦਾ ਹੈ - "ਤੂੰ ਮੈਨੂੰ ਜੀਉਣ ਦਾ ਮਾਰਗ ਵਿਖਾਵੇਂਗਾ, ਤੇਰੇ ਹਜ਼ੂਰ ਅਨੰਦ ਦੀ ਭਰਪੂਰੀ ਹੈ, ਤੇਰੇ ਸੱਜੇ ਹੱਥ ਸਦਾ ਖੁਸ਼ੀਆਂ ਹੁੰਦੀਆਂ ਹਨ।" (ਜ਼ਬੂਰ 16:11)

ਕੀ ਤੁਸੀਂ ਪ੍ਰਭੂ ਯਿਸੂ ਦਾ ਜੀਵਨ ਪਰਾਪਤ ਕੀਤਾ ਹੈ? ਤਾਂ ਤੁਸੀਂ ਪ੍ਰੇਮ ਕਰੋਗੇ ਅਤੇ ਅਨੰਦ ਵੀ ਕਰੋਗੇ। ਦੁੱਖ ਸਹੋਗੇ ਅਤੇ ਦੂਜਿਆਂ ਲਈ ਪ੍ਰਭੂ ਦੇ ਅੱਗੇ ਰੋਵੋਗੇ। ਪ੍ਰਭੂ ਦਾ ਜੀਵਨ ਤੁਹਾਡੇ ਅੰਦਰ ਵਧਦਾ ਜਾਵੇਗਾ ਅਤੇ ਤੁਸੀਂ ਤਰੱਕੀ ਕਰੋਗੇ। ਅਵਿਸ਼ਵਾਸੀ ਤੁਹਾਡੀ ਸੇਵਾ ਅਤੇ ਪ੍ਰਾਰਥਨਾ ਦੁਆਰਾ ਨਵਾਂ ਜਨਮ ਪਾ ਕੇ ਪ੍ਰਭੂ ਯਿਸੂ ਦੇ ਵਿਸ਼ਵਾਸੀ ਬਣ ਜਾਣਗੇ। ਵਿਸ਼ਵਾਸੀ ਤੁਹਾਡੇ ਜੀਵਨ ਨੂੰ ਦੇਖ ਕੇ ਤਰੱਕੀ ਪ੍ਰਾਪਤ ਕਰਨਗੇ। ਅੱਜ ਤੁਸੀਂ ਪ੍ਰਭੂ ਦੇ ਜੀਵਨ ਨੂੰ ਜੀ ਰਹੇ ਹੋ, ਇੱਕ ਦਿਨ ਤੁਹਾਨੂੰ "ਜੀਵਨ ਦਾ ਤਾਜ" ਮਿਲੇਗਾ। "ਧੰਨ ਉਹ ਮਨੁੱਖ ਜਿਹੜਾ ਪਰਤਾਵੇ ਨੂੰ ਸਹਿ ਲੈਂਦਾ ਹੈ ਕਿਉਂਕਿ ਜਾਂ ਖਰਾ ਨਿੱਕਲਿਆ ਤਾਂ ਉਹ ਨੂੰ ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ ਜਿਹ ਦਾ ਪ੍ਰਭੂ ਨੇ ਆਪਣਿਆਂ ਪ੍ਰੇਮੀਆਂ ਨਾਲ ਵਾਇਦਾ ਕੀਤਾ ਹੈ।" (ਯਾਕੂਬ 1:12)

ਪੌਲੁਸ ਨੇ ਆਖਿਆ - "...ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।" (ਗਲਾਤੀਆਂ 2:20)

ਥੋਮਾ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਪ੍ਰਭੁ ਯਿਸੂ ਨੇ ਕਿਹਾ - **"ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ।"** (ਯੂਹੰਨਾ 14:6) ਪ੍ਰਭੁ ਯਿਸੂ "ਰਾਹ" ਹੈ - ਪ੍ਰਭੁ ਦਾ ਵਿਸ਼ਵਾਸੀ ਹਰ ਦਿਨ ਪ੍ਰਭੁ ਵਿੱਚ ਹੋ ਕੇ ਚਲਦਾ ਹੈ। ਪ੍ਰਭੁ ਯਿਸੂ "ਸਚਿਆਈ" ਹੈ - ਪ੍ਰਭੁ ਦਾ ਵਿਸ਼ਵਾਸੀ ਸਚਿਆਈ ਨੂੰ ਭਾਲ ਕੇ ਉਸ ਨੂੰ ਸਵੀਕਾਰ ਕਰਦਾ ਹੈ। ਪ੍ਰਭੁ ਯਿਸੂ "ਜੀਵਨ" ਹੈ - ਜੀਵਨ ਪਰਾਪਤ ਕਰਨ ਤੋਂ ਬਾਦ ਵਿਸ਼ਵਾਸੀ ਵਧਦਾ ਅਤੇ ਤਰੱਕੀ ਕਰਦਾ ਹੈ।

**"ਉਹ ਜਿਹੜਾ ਆਖਦਾ ਹੈ ਭਈ ਮੈਂ ਓਸ (ਪ੍ਰਭੁ ਯਿਸੂ) ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ।"** (1ਯੂਹੰਨਾ 2:6)

ਤੁਸੀਂ ਪ੍ਰਭੁ ਦੇ ਜੀਵਨ ਨੂੰ ਸਵੀਕਾਰ ਕੀਤਾ ਹੈ ਇਸ ਜੀਵਨ ਨੂੰ ਜੀਉਣ ਦੀ ਭੁੱਖ ਤੁਹਾਨੂੰ ਸਦਾ ਲੱਗੀ ਰਹੇ - **"ਯਿਸੂ ਨੇ ਉਨ੍ਹਾਂ ਨੂੰ ਆਖਿਆ, ਜੀਉਣ ਦੀ ਰੋਟੀ ਮੈਂ ਹਾਂ। ਜੋ ਮੇਰੇ ਕੋਲ ਆਉਂਦਾ ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ।"** (ਯੂਹੰਨਾ 6:35)

**"ਹੇ ਲੋਕੋ, ਸਾਡੇ ਪਰਮੇਸ਼ੁਰ ਨੂੰ ਮੁਬਾਰਕ ਆਖੋ, ਉਹ ਦੇ ਜਸ ਦੇ ਸ਼ਬਦ ਸੁਣਾਓ,**
**ਜਿਹ ਨੇ ਸਾਡੀ ਜਾਨ ਨੂੰ ਜੀਉਂਦੀਆਂ ਰੱਖਿਆ ਹੈ, ਅਤੇ ਸਾਡੇ ਪੈਰਾਂ ਨੂੰ ਡੋਲਣ ਨਹੀਂ ਦਿੱਤਾ।"**
(ਜ਼ਬੂਰ 66:8-9)

## ਫਲਦਾਰ ਜੀਵਨ

**ਪ੍ਰਭੁ ਯਿਸੂ ਨੇ ਆਖਿਆ - " ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ। ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੇਗਾ।"** (ਯੂਹੰਨਾ 12: 24-25)

ਕਣਕ ਦੇ ਦਾਣੇ ਵਿੱਚ ਜੀਵਨ ਹੈ - ਪੱਥਰ ਦੇ ਦਾਣੇ ਵਿੱਚ ਜੀਵਨ ਨਹੀਂ ਹੈ। ਕਣਕ ਦੇ ਦਾਣਿਆਂ ਨੂੰ ਬੀਜ ਦਿਓ ਤੇ ਦਾਣੇ ਫਲਦਾਰ ਹੋਣਗੇ। ਜਿਸ ਵਿੱਚ ਜੀਵਨ ਹੈ ਉਸ ਨੂੰ ਫਲ ਜ਼ਰੂਰ ਲਗਦਾ ਹੈ। ਬੀਜ ਬੀਜਣ ਤੋਂ ਬਾਦ ਜਦ ਤਕ ਉਸਨੂੰ ਫਲ ਨਾ ਲੱਗ ਜਾਵੇ ਅਤੇ ਕਣਕ ਘਰ ਨਾ ਆ ਜਾਵੇ ਹਰ ਕਦਮ ਤੇ ਦੇਖਭਾਲ ਕਰਨੀ ਬਹੁਤ ਹੀ ਜ਼ਰੂਰੀ ਹੈ। ਬੀਜ ਨੂੰ ਪਾਣੀ ਅਤੇ ਚੰਗੀ ਜ਼ਮੀਨ ਦੇ ਨਾਲ ਫਲਦਾਰ ਹੋਣ ਲਈ ਹੋਰ ਵੀ ਬਹੁਤ ਕੁਝ ਚਾਹੀਦਾ ਹੈ। ਜਿਸ ਜੀਵਨ ਵਿੱਚ ਫਲ ਨਾ ਲੱਗੇ - ਉਸਨੂੰ ਜਾਂ ਤੇ ਅੰਦਰ ਦੀ ਕੋਈ ਬਿਮਾਰੀ ਹੈ ਜਾਂ ਬਾਹਰ ਦੀ ਕੋਈ ਤਕਲੀਫ ਹੈ। ਪ੍ਰਭੁ ਯਿਸੂ ਨੇ ਕਿਹਾ **- "ਮੈਂ ਸੱਚੀ ਅੰਗੂਰ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ। ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੱਦੀ ਹੈ ਉਹ ਉਸ ਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ।"**(ਯੂਹੰਨਾ 15:1-2) ਹਰ ਫਲਦਾਰ ਵਿਸ਼ਵਾਸੀ ਨੂੰ ਪਿਤਾ ਛਾਂਗਦਾ (ਕਾਂਟ-ਛਾਂਟ ਕਰਦਾ, ਕਤਰਦਾ ਅਤੇ ਤਰਾਸ਼ਦਾ) ਹੈ, ਤਾਂ ਜੋ ਉਹ ਹੋਰ ਵੀ ਫਲਦਾਰ ਹੋਵੇ।

ਧਰਮ ਆਖਦਾ ਹੈ - ਆਪਣੇ ਫ਼ਰਜ ਅਤੇ ਕਰਤੱਵ ਨੂੰ ਪੂਰਾ ਕਰੋ। ਜੀਵਨ ਆਖਦਾ ਹੈ - ਮੇਰੇ ਲਈ ਥਾਂ ਬਣਾਓ - ਮੈਂਨੂੰ ਵੱਡਾ ਹੋਣ ਦਿਓ। *ਪ੍ਰਭੁ ਯਿਸੂ ਨੇ ਕਿਹਾ* - "ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ **ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ।**" ਯੂਹੰਨਾ 3:6 ਜਦੋਂ ਤੁਸੀ ਪ੍ਰਭੁ ਯਿਸੂ ਦੇ ਆਤਮਾ ਤੋਂ ਜਨਮ ਲੈਂਦੇ ਹੋ ਪਵਿੱਤਰ ਆਤਮਾ ਤੁਹਾਡੇ ਅੰਦਰ ਜੀਵਨ ਦਾ ਬੀਜ ਲੈ ਕੇ ਆਉਂਦਾ ਹੈ। ਜੀਵਨ ਦਾ ਇਹ ਬੀਜ ਤੁਹਾਡੇ ਅੰਦਰ ਫਲਦਾਰ ਹੋਣਾ ਚਾਹੁੰਦਾ ਹੈ। "**ਪਰ ਆਤਮਾ ਦਾ ਫਲ ਇਹ ਹੈ-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ।**" (ਗਲਾਤੀਆਂ 5:22-23)

ਜਦ ਇੱਕ ਬਾਲਕ ਦਾ ਜਨਮ ਹੁੰਦਾ ਹੈ ਉਸ ਦੀਆਂ ਅੱਖਾਂ ਤਾਂ ਖੁੱਲੀਆਂ ਹੁੰਦੀਆਂ ਹਨ ਪਰ ਉਸਨੂੰ ਬਹੁਤ ਦੂਰ ਨਹੀਂ ਦਿਖਾਈ ਦਿੰਦਾ। ਬਾਲਕ ਵਿੱਚ ਜੀਵਨ ਤੇ ਹੁੰਦਾ ਹੈ ਪਰ ਸਮਝ ਨਹੀਂ ਹੁੰਦੀ। ਸਮਝ ਚਾਨਣ ਤੋਂ ਆਉਂਦੀ ਹੈ। ਜਦ ਚਾਨਣ ਆਉਂਦਾ ਹੈ ਤਦ ਸਾਨੂੰ ਦਿਸ ਪੈਂਦਾ ਹੈ। ਜਦੋਂ ਅਸੀਂ ਪ੍ਰਭੁ ਦੇ ਦਿੱਤੇ ਚਾਨਣ ਦੀ ਅਵਾਜ਼ ਸੁਣ ਕੇ ਚਲਦੇ ਹਾਂ ਸਾਨੂੰ ਫਲ ਲੱਗਣ ਲੱਗ ਪੈਂਦੇ ਹਨ।ਜਿਸ ਕੋਲ ਪ੍ਰਭੁ ਦਾ ਜ਼ੀਵਨ ਨਹੀਂ ਹੈ ਉਹ ਚਾਨਣ ਨੂੰ ਵੀ ਨਹੀਂ ਦੇਖ ਸਕਦਾ। ਜੀਵਨ ਸਾਨੂੰ ਅੱਖਾਂ ਦਿੰਦਾ ਹੈ ਚਾਨਣ ਸਾਨੂੰ ਰਾਹ ਦਿਖਾਉਂਦਾ ਹੈ। ਇਸ "ਰਾਹ" ਉੱਤੇ ਚੱਲਣ ਨਾਲ ਅਸੀਂ ਫਲਦਾਰ ਹੁੰਦੇ ਹਾਂ। ਪ੍ਰਭੁ ਯਿਸੂ ਦੇ ਲਹੂ ਉੱਤੇ ਵਿਸ਼ਵਾਸ ਕਰਨ ਤੋਂ ਜੀਵਨ ਮਿਲਦਾ ਹੈ। *ਪਰਕਾਸ਼ ਵਿੱਚ ਰਹਿੰਦੇ ਹੋਏ ਚਾਨਣ ਦੇ ਰਾਹ ਤੇ ਸਦਾ ਚਲਦੇ ਹੋਏ ਹੀ ਸਾਨੂੰ ਫਲਦਾਰ ਜੀਵਨ ਦਾ ਸੱਚਾ ਅਰਥ ਸਮਝ ਵਿਚ ਆਉਂਦਾ ਹੈ।* ਸਾਡੇ ਪਾਪ ਮਾਫ਼ ਕਰਨ ਲਈ ਅਤੇ ਸਾਨੂੰ ਜੀਵਨ ਦੇਣ ਲਈ ਪ੍ਰਭੁ ਯਿਸੂ ਨੇ ਲਹੂ ਵਹਾਇਆ। ਜਿਸ ਵਿਸ਼ਵਾਸੀ ਨੂੰ ਜੀਵਨ ਪਰਾਪਤ ਹੋਇਆ ਹੈ ਉਸ ਦੇ ਮਨ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ। ਜਦ ਅਸੀਂ ਚਾਨਣ ਨੂੰ ਕਬੂਲ ਨਹੀਂ ਕਰਦੇ ਸਾਡੀ ਗਿਆਨ ਇੰਦਰੀਆਂ ਕਮਜ਼ੋਰ ਹੋ ਜਾਦੀਆਂ ਹਨ, ਬੁੱਧ ਅਤੇ ਸਮਝ ਵਿੱਚ ਘਾਟਾ ਹੋਣ ਲਗਦਾ ਹੈ। ਸਾਨੂੰ ਆਪ ਇਹ ਪਤਾ ਵੀ ਨਹੀਂ ਲਗਦਾ ਕਿ ਹੋ ਕੀ ਰਿਹਾ ਹੈ, ਪਰ ਇਹ ਜੀਵਨ ਜੀਉਣਾ ਔਖਾ ਹੋ ਜਾਂਦਾ ਹੈ ਅਤੇ ਫਲ ਤੇ ਲੱਗਦਾ ਹੀ ਨਹੀਂ। ਚਾਨਣ 'ਗਿਆਨ ਇੰਦਰੀਆਂ' ਦੇ ਰਾਹੀਂ ਬੁੱਧ ਵਿੱਚ ਪ੍ਰਵੇਸ਼ ਕਰ ਕੇ ਸਮਝ ਦਾ ਵਾਧਾ ਕਰਦਾ ਹੈ। ਇੱਕ ਵਿਸ਼ਵਾਸੀ ਇਸ ਜੀਵਨ ਨੂੰ ਜੀਉਣ ਲਈ, ਚਾਨਣ, ਬੁੱਧ, ਸਮਝ ਅਤੇ ਗਿਆਨ ਦੀ ਸਹਾਇਤਾ ਮੰਗਦਾ ਰਹਿੰਦਾ ਹੈ।

ਕੁਰਿੰਥੀਆਂ ਦੇ ਵਿਸ਼ਵਾਸੀਆਂ ਦੇ ਜੀਵਨ ਵਿੱਚ ਆਤਮਕ ਫਲ ਨਹੀਂ ਲੱਗ ਰਹੇ ਸਨ। ਇਸੇ ਕਰਕੇ ਪ੍ਰਭੁ ਦੇ ਸੇਵਕ ਪੌਲੁਸ ਨੇ ਉਹਨਾਂ ਨੂੰ ਲਿਖਿਆ - "**ਹੇ ਭਰਾਵੋ, ਮੈਂ ਤੁਹਾਡੇ ਨਾਲ ਐਂਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਸਗੋਂ ਜਿੱਦਾਂ ਸਰੀਰਕਾਂ ਨਾਲ ਬੋਲੀਦਾ ਹੈ। ਹਾਂ, ਜਿੱਦਾਂ ਓਹਨਾਂ ਨਾਲ ਜਿਹੜੇ ਮਸੀਹ ਵਿੱਚ ਨਿਆਣੇ (ਬਾਲਕ) ਹਨ। ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਵਾਇਆ ਕਿਉਂ ਜੋ ਅਜੇ ਤੁਸੀਂ ਉਹ ਦੇ ਜੋਗੇ ਨਹੀਂ ਸਾਓ ਸਗੋਂ ਹੁਣ ਭੀ ਉਹ ਦੇ ਜੋਗੇ ਨਹੀਂ ਹੋ। ਤੁਸੀਂ ਹੁਣ ਤੀਕ ਸਰੀਰਕ ਹੋ ਕਿਉਂਕਿ ਜਦੋਂ ਜਲਣ ਅਤੇ ਝਗੜੇ ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ ਸਰੀਰਕ ਨਹੀਂ ਅਤੇ ਇਨਸਾਨੀ ਚਾਲ ਨਹੀ ਚੱਲਦੇ ਹੋ?**" (1ਕੁਰਿੰਥੀਆਂ 3:1-3)

ਸਰੀਰਕ ਵਿਸ਼ਵਾਸੀ ਪਰਮੇਸ਼ੁਰ ਦੇ ਆਤਮਾ ਦੀ ਅਵਾਜ਼ ਨੂੰ ਨਹੀਂ ਪਛਾਣਦਾ। ਇਸ ਲਈ ਪ੍ਰਭੁ ਦਾ ਸੇਵਕ ਆਖਦਾ ਹੈ, - "**ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ।**"(ਗਲਾਤੀਆਂ 5:16) ਪ੍ਰਭੁ ਯਿਸੂ ਨੇ ਵੀ ਆਖਿਆ - "**ਉਪਰੰਤ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ ਪਿੱਛੇ ਤੁਰਦਾ ਹੈ ਅਨ੍ਹੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਉਣ ਦਾ ਚਾਨਣ ਹੋਵੇਗਾ। ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।**" (ਯੂਹੰਨਾ 8:12 ਅਤੇ 10:27) ਇਸ ਲਈ ਸਾਨੂੰ ਹਰ ਰੋਜ਼ ਚਾਨਣ (ਪ੍ਰਭੁ ਯਿਸੂ) ਦੀ ਅਵਾਜ਼ ਨੂੰ ਸੁਣ ਕੇ ਚਲਣਾ ਹੈ ਤਾਂ ਜੋ ਸਾਡੇ

ਜੀਵਨ ਵਿੱਚ ਸਦਾ ਫਲ ਲੱਗਣ। ਆਤਮਕ ਵਿਸ਼ਵਾਸੀ ਪਰਮੇਸ਼ੁਰ ਦੀ ਅਵਾਜ਼ ਨੂੰ ਪਛਾਣਦਾ ਹੈ ਉਹ ਪਤਾ ਕਰਦਾ ਰਹਿੰਦਾ ਹੈ ਕਿ ਮੇਰੇ ਪ੍ਰਭੁ ਨੂੰ ਕੀ ਪਸੰਦ ਆਵੇਗਾ। **"ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੁ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁਤ੍ਰਾਂ ਵਾਙੁ ਚੱਲੋ। ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ (ਪਰਮੇਸ਼ੁਰ ਦੇ ਸਾਹਮਣੇ ਉਚਿਤ ਠਹਰਾਇਆ ਜਾਣਾ) ਅਤੇ ਸਚਿਆਈ ਵਿੱਚ ਹੈ। ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।"** (ਅਫ਼ਸੀਆਂ 5:8-10)

**"ਉੱਠ, ਚਮਕ, ਤੇਰਾ ਚਾਨਣ ਜੋ ਆ ਗਿਆ ਹੈ, ਅਤੇ**
**ਯਹੋਵਾਹ ਦਾ ਪਰਤਾਪ ਜੋ ਤੇਰੇ ਉੱਤੇ ਚਮਕਿਆ ਹੈ।"**
(ਯਸਾਯਾਹ 60:1)

## ਜੀਵਨ ਦਾਤਾ ਨਾਲ ਪ੍ਰੇਮ

ਸੱਚਾ ਜੀਵਨ ਆਪਣੇ ਜਨਮ ਦਾਤਾ ਨਾਲ ਪ੍ਰੇਮ ਕਰਦਾ ਹੈ। ਜੇ ਪਰਮੇਸ਼ੁਰ ਤੁਹਾਡਾ ਪਿਤਾ ਹੈ ਅਤੇ ਤੁਸੀਂ ਪਰਮੇਸ਼ੁਰ ਤੋਂ ਪੈਦਾ ਹੋਏ ਹੋ ਤਾਂ ਤੁਸੀਂ ਵੀ ਆਪਣੇ ਪਿਤਾ ਨਾਲ ਸਦਾ ਪ੍ਰੇਮ ਕਰੋਗੇ। ਪ੍ਰਭੁ ਯਿਸੂ ਨੇ ਕਿਹਾ - **ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ।"** (ਮੱਤੀ 22:37)

ਕਈ ਵਾਰੀ ਅਸੀਂ ਆਪਣੇ ਸੰਸਾਰਿਕ ਮਾਤਾ - ਪਿਤਾ ਤੋਂ ਦੁਖੀ ਹੋ ਜਾਂਦੇ ਹਾਂ। ਭਾਵੇਂ ਅਸੀਂ ਆਪਣੇ ਮਾਤਾ ਪਿਤਾ ਨਾਲ ਸਹਿਮਤ ਨਾ ਹੋਈਏ ਪਰ ਫਿਰ ਵੀ ਸਾਨੂੰ ਉਹਨਾਂ ਨਾਲ ਪਿਆਰ ਕਰਨਾ ਨਹੀਂ ਛੱਡਣਾ ਚਾਹੀਦਾ। ਅਸੀਂ ਇਸ ਪੁਸਤਕ ਵਿੱਚ ਇਹ ਪੜ੍ਹ ਚੁਕੇ ਹਾਂ - ਕਿਉਂ ਜੋ ਅਸੀਂ ਸਾਰੇ ਹੀ ਪਾਪੀ ਹਾਂ-**"ਜਿਵੇਂ ਲਿਖਿਆ ਹੋਇਆ ਹੈ,-ਕੋਈ ਧਰਮੀ ਨਹੀਂ, ਇੱਕ ਵੀ ਨਹੀਂ,...ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।"** (ਰੋਮੀਆਂ 3:10; 23) ਭਾਵੇਂ ਅਸੀਂ ਕਿਸੇ ਦੇ ਪਾਪ ਅਤੇ ਭੁਲ ਨਾਲ ਸਹਿਮਤ ਨਾ ਹੋਈਏ ਪਰ ਫਿਰ ਵੀ ਪਿਆਰ ਕਰਨ ਦਾ ਰਾਹ ਸਦਾ ਹੀ ਲੱਭ ਸਕਦੇ ਹਾਂ!

ਪਰਮੇਸ਼ੁਰ ਪਵਿੱਤਰ ਅਤੇ ਸਰਬ ਗਿਆਨੀ ਹੈ, ਉਸ ਵਿੱਚ ਕੋਈ ਖੋਟ ਨਹੀਂ ਹੈ। ਭਾਵੇਂ ਪਰਮੇਸ਼ੁਰ ਦਾ ਰਾਹ ਅਤੇ ਮਰਜ਼ੀ ਸਾਨੂੰ ਸਮਝ ਨਾ ਆਵੇ ਪਰ ਅਸੀਂ ਪਰਮੇਸ਼ੁਰ ਤੋਂ ਦੁਖੀ ਨਹੀਂ ਹੋ ਸਕਦੇ ਨਾ ਹੀ ਅਸੀਂ ਇਹ ਕਹਿ ਸਕਦੇ ਹਾਂ "ਹੇ ਪਰਮੇਸ਼ੁਰ ਪਿਤਾ ਮੈਂ ਤੇਰੇ ਨਾਲ ਸਹਿਮਤ ਨਹੀਂ ਹਾਂ।" **"ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ। ਪਰਮੇਸ਼ੁਰ ਦਾ ਪ੍ਰੇਮ ਸਾਡੇ ਵਿੱਚ ਇਸ ਤੋਂ ਪਰਗਟ ਹੋਇਆ ਜੋ ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤ੍ਰ (ਪ੍ਰਭੁ ਯਿਸੂ) ਨੂੰ ਸੰਸਾਰ ਵਿੱਚ ਘੱਲਿਆ ਭਈ ਅਸੀਂ ਉਹ ਦੇ ਰਾਹੀਂ ਜੀਵੀਏ।"** (1ਯੂਹੰਨਾ 4:8-9) ਫਲਦਾਰ ਜੀਵਨ ਪ੍ਰੇਮ ਕਰਦਾ ਹੈ।**ਪ੍ਰੇਮ ਆਤਮਕ ਜੀਵਨ ਦੇ ਦਿਲ ਦੀ ਧੜਕਣ ਹੈ।**

ਜਿਹਦੇ ਪਾਪ ਪ੍ਰਭੁ ਯਿਸੂ ਦੇ ਲਹੂ ਤੇ ਵਿਸ਼ਵਾਸ ਕਰਨ ਨਾਲ ਮਾਫ਼ ਹੋਏ ਹਨ ਓਹ ਪ੍ਰਭੁ ਯਿਸੂ ਨਾਲ ਬਹੁਤਾ ਪਿਆਰ ਕਰਦਾ ਹੈ। **"ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ (ਪ੍ਰਭੁ ਯਿਸੂ) ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪਰਾਸਚਿੱਤ ਹੋਵੇ।"** (1ਯੂਹੰਨਾ 4:10) ਪਰਾਸਚਿੱਤ ਦਾ ਸਾਧਾਰਨ ਅਰਥ ਹੈ ਕਿਸੇ ਦੂਜੇ ਦਾ ਨੁਕਸਾਨ ਭਰਨਾ ਯਾ ਹਰਜਾਨਾ ਚੁਕਾਣਾ। ਪ੍ਰਭੁ ਯਿਸੂ ਸਾਡੇ ਪਾਪਾਂ ਦਾ ਪਰਾਸਚਿੱਤ ਹੋ ਗਿਆ - **"ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ (ਲਕੜੀ ਦੀ ਸਲੀਬ) ਉੱਤੇ ਟੰਗਿਆ ਹੋਇਆ**

**ਹੈ ।"** (ਗਲਾਤੀਆਂ 3:13) **"ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ -(ਪਰਮੇਸ਼ੁਰ ਦੇ ਸਾਹਮਣੇ ਉਚਿਤ ਜੀਵਨ ਜੀਵੀਏ) । ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ ।"** (1ਪਤਰਸ 2:24) ਪ੍ਰਭੂ ਯਿਸੂ ਨੇ ਆਖਿਆ - **"ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ ।"** (ਮੱਤੀ 26:28) **"ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤ੍ਰਾਂ ਦੇ ਬਦਲੇ ਦੇ ਦੇਵੇ ।"** (ਯੂਹੰਨਾ 15:13) **"ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ ।...ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ ।"** (ਰੋਮੀਆਂ 5:6 ਅਤੇ 8) ਪ੍ਰਭੂ ਯਿਸੂ ਨੇ ਕੁਧਰਮੀਆਂ, ਪਾਪੀਆਂ ਅਤੇ ਨਿਰਬਲਾਂ ਨਾਲ ਬਹੁਤਾ ਪਿਆਰ ਕੀਤਾ ਉਹ ਉਨ੍ਹਾਂ ਦੇ ਪਾਪਾਂ ਦਾ ਪਰਾਸਚਿੱਤ ਹੋ ਗਿਆ । ਇੱਕ ਵਿਸ਼ਵਾਸੀ ਆਖਦਾ ਹੈ - ਮੈਂ ਪ੍ਰਭੂ ਯਿਸੂ ਨਾਲ ਪ੍ਰੇਮ ਕਰਦਾ ਹਾਂ ਕਿਉਂ ਜੋ ਉਹ ਮੇਰਾ ਪਰਾਸਚਿੱਤ ਹੋ ਗਿਆ - ਦੋਸ਼ੀ ਮੈਂ ਸੀ ਹਰਜਾਨਾ ਉਸ ਨੇ ਚੁਕਾ ਦਿੱਤਾ ।

ਸੰਸਾਰ ਦੇ ਲੋਕਾਂ ਦਾ ਪ੍ਰੇਮ ਬਦਲ ਜਾਂਦਾ ਹੈ, ਪਰ ਪ੍ਰਭੂ ਸਾਨੂੰ ਅੰਤ ਤੋੜੀ ਪਿਆਰ ਕਰਦਾ ਹੈ - **"...ਯਿਸੂ ਨੇ ਇਹ ਜਾਣ ਕੇ ਭਈ ਮੇਰੀ ਘੜੀ ਆ ਪਹੁੰਚੀ ਹੈ ਜਾਂ ਮੈਂ ਇਸ ਜਗਤ ਨੂੰ ਛੱਡ ਕੇ ਪਿਤਾ ਦੇ ਕੋਲ ਜਾਵਾਂ ਆਪਣੇ ਨਿੱਜ ਲੋਕਾਂ ਨਾਲ ਜਿਹੜੇ ਜਗਤ ਵਿੱਚ ਸਨ ਪਿਆਰ ਕਰ ਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ ।"** (ਯੂਹੰਨਾ 13:1) ਪ੍ਰਭੂ ਯਿਸੂ ਨੇ ਆਪਣੇ ਪ੍ਰੇਮੀਆਂ ਨੂੰ ਇਹ ਵਾਇਦਾ ਦਿੱਤਾ ਹੈ - **"ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ ।"** (ਯੂਹੰਨਾ 14:21) ਜਿਹੜਾ ਵਿਸ਼ਵਾਸੀ ਪ੍ਰਭੂ ਯਿਸੂ ਨੂੰ ਪਿਆਰ ਕਰਨ ਵਾਲਾ ਅਤੇ ਉਨ੍ਹਾਂ ਦੀ ਆਗਿਆ ਮੰਨਣ ਵਾਲਾ ਹੈ ਉਹ ਪ੍ਰਭੂ ਦੇ ਪਿਆਰ ਨੂੰ ਅਤੇ ਪ੍ਰਭੂ ਦੀ ਮਰਜ਼ੀ ਨੂੰ ਡੂੰਘੇ ਤੌਰ ਨਾਲ ਜਾਣੇਗਾ । **"...ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ ਓਹਨਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਚ ਕਰ ਲੈਂਦਾ ਹੈ ।"** (1ਕੁਰਿੰਥੀਆਂ 2:9-10) ਤੁਸੀਂ ਪ੍ਰਭੂ ਯਿਸੂ ਨੂੰ ਸੱਚੇ ਦਿਲ ਨਾਲ ਪਿਆਰ ਕਰਦੇ ਰਹੋ ਉਹ ਆਪ ਹੀ ਤੁਹਾਨੂੰ ਵੇਲੇ ਸਿਰ ਸਭ ਕੁਝ ਸਮਝਾਵੇਗਾ । ਤੁਹਾਡੇ ਬਾਰੇ ਪ੍ਰਭੂ ਇਹ ਕਦੀ ਵੀ ਨਾ ਆਖੇ - **"ਪਰ ਤਾਂ ਵੀ ਤੇਰੇ ਉੱਤੇ ਮੈਨੂੰ ਇਹ ਗਿਲਾ ਹੈ ਭਈ ਤੂੰ ਆਪਣਾ ਪਹਿਲਾ ਪ੍ਰੇਮ ਛੱਡ ਬੈਠਾ ਹੈਂ ।"** (ਪਰਕਾਸ਼ ਦੀ ਪੋਥੀ 2:4) ਪ੍ਰਭੂ ਯਿਸੂ ਨੇ ਪਤਰਸ ਤੋਂ ਪੁਛਿੱਆ - **"ਕੀ ਤੂੰ ਮੈਨੂੰ ਇਨ੍ਹਾਂ ਨਾਲੋਂ ਵਧ ਪਿਆਰ ਕਰਦਾ ਹੈਂ? ਉਨ ਉਸ ਨੂੰ ਆਖਿਆ, ਹਾਂ ਪ੍ਰਭੁ ਜੀ ਤੂੰ ਜਾਣਦਾ ਹੈਂ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ । ਓਨ ਉਹ ਨੂੰ ਕਿਹਾ, ਮੇਰੇ ਲੇਲਿਆਂ ਨੂੰ ਚਾਰ ।"** (ਯੂਹੰਨਾ 21:15) ਜੇ ਪ੍ਰਭੂ ਯਿਸੂ ਤੁਹਾਡੇ ਕੋਲੋਂ ਵੀ ਇਹੀ ਗੱਲ ਪੁੱਛੇ ਤੇ ਤੁਹਾਡਾ ਕੀ ਉੱਤਰ ਹੋਵੇਗਾ?

**"ਹੇ ਯਹੋਵਾਹ (ਪਰਮੇਸ਼ੁਰ) ਮੇਰੇ ਬਲ, ਮੈਂ ਤੇਰੇ ਨਾਲ ਪ੍ਰੀਤ ਰੱਖਦਾ ਹਾਂ ।<br>ਯਹੋਵਾਹ ਮੇਰੀ ਚਟਾਨ, ਮੇਰਾ ਗੜ੍ਹ ਅਤੇ ਮੇਰਾ ਛੁਡਾਉਣ ਵਾਲਾ ਹੈ, ਮੇਰਾ ਪਰਮੇਸ਼ੁਰ,<br>ਮੇਰਾ ਟਿੱਲਾ, ਜਿਹ ਦੀ ਸ਼ਰਨੀ ਮੈਂ ਆਇਆਂ ਹਾਂ, ਮੇਰੀ ਢਾਲ,<br>ਮੇਰੇ ਬਚਾਓ ਦਾ ਸਿੰਙ ਅਤੇ ਮੇਰਾ ਉੱਚਾ ਗੜ੍ਹ ।"**<br>(ਜ਼ਬੂਰ 18:1-2)

**"ਮੈਂ ਤੇਰੇ ਨਾਲ ਸਦਾ ਦੇ ਪ੍ਰੇਮ ਨਾਲ ਪ੍ਰੇਮ ਕੀਤਾ, ਏਸ ਲਈ**
**ਮੈਂ ਦਯਾ ਨਾਲ ਤੈਨੂੰ ਖਿੱਚਿਆ ਹੈ ।"**
(ਯਿਰਮਿਯਾਹ 31:3)

## ਪ੍ਰੇਮ ਤੋਂ ਭਰਪੂਰ ਜੀਵਨ

ਪ੍ਰਭੂ ਯਿਸੂ ਦਾ ਆਪਣੇ ਚੇਲਿਆਂ ਦੇ ਪੈਰ ਧੋਣਾ - ਯੂਹੰਨਾ ਲਿਖਦਾ ਹੈ - **"ਉਪਰੰਤ ਜਾਂ ਉਹ ਉਨ੍ਹਾਂ ਦੇ ਪੈਰ ਧੋ ਹਟਿਆ ਅਤੇ ਆਪਣੇ ਬਸਤ੍ਰ ਲੈ ਲਏ ਤਾਂ ਫੇਰ ਬੈਠ ਕੇ ਉਨ੍ਹਾਂ ਨੂੰ ਆਖਿਆ, ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ? ਤੁਸੀਂ ਮੈਨੂੰ ਗੁਰੂ ਅਤੇ ਪ੍ਰਭੁ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ । ਸੋ ਜੇ ਮੈਂ ਗੁਰੂ ਅਤੇ ਪ੍ਰਭੁ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ ।...ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ । ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ ।"** (ਯੂਹੰਨਾ 13:12-14 ਅਤੇ 34-35)

'ਜਿਵੇ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ'- ਪ੍ਰਭੂ ਯਿਸੂ ਨੇ ਆਖਿਆ ਮੇਰੇ ਵਰਗਾ ਪਿਆਰ ਤੁਸੀਂ ਇੱਕ ਦੂਏ ਨਾਲ ਕਰੋ! ਇਹੋ ਜਿਹਾ ਪ੍ਰੇਮ ਕਰਨ ਲਈ ਪ੍ਰਭੂ ਯਿਸੂ ਦੇ ਆਤਮਾ ਦੀ ਸਹਾਇਤਾ ਦੀ ਲੋੜ ਹੈ । ਜਦ ਅਸੀਂ ਪ੍ਰਭੂ ਯਿਸੂ ਲਈ ਆਪਣਾ ਮਨ ਖੋਲਦੇ ਹਾਂ ਪਵਿੱਤਰ ਆਤਮਾ ਜੋ ਮਸੀਹ ਦਾ ਆਤਮਾ ਅਤੇ ਆਪ ਹੀ ਪ੍ਰੇਮ ਹੈ, ਵਿਸ਼ਵਾਸੀ ਦੇ ਅੰਦਰ ਆਉਂਦਾ ਹੈ । ਉਸ ਆਤਮਾ ਦੀ ਸਹਾਇਤਾ ਨਾਲ ਅਸੀਂ ਵੀ ਇਹੋ ਜਿਹਾਂ ਪ੍ਰੇਮ ਕਰ ਸਕਦੇ ਹਾਂ । **"...ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ ।"**(ਰੋਮੀਆਂ 5:5) ਕੀ ਤੁਹਾਨੂੰ ਪ੍ਰਭੂ ਯਿਸੂ ਵਰਗਾ ਪ੍ਰੇਮ ਕਰਨ ਦੀ ਚਾਹ ਹੈ? ਜਿਸ ਵੇਲੇ ਵੀ ਸਾਨੂੰ ਮਸੀਹੀ ਪ੍ਰੇਮ ਕਰਨਾ ਔਖਾ ਲੱਗੇ, ਪਵਿੱਤਰ ਆਤਮਾ ਦੀ ਮਦਦ ਮੰਗਣੀ ਪਵੇਗੀ ।ਕੀ ਤੁਸੀਂ ਪਵਿੱਤਰ ਆਤਮਾ ਦੀ ਸਹਾਇਤਾ ਪ੍ਰੇਮ ਕਰਨ ਲਈ ਮੰਗਦੇ ਹੋ? ਪ੍ਰਭੂ ਤੁਹਾਨੂੰ ਪ੍ਰੇਮ ਕਰਨ ਦੀ ਸ਼ਕਤੀ ਜ਼ਰੂਰ ਦੇਵੇਗਾ ।

ਜਿਸ ਵਿਸ਼ਵਾਸੀ ਨੇ ਆਪਣੇ ਦਿਲ ਵਿੱਚ ਪਰਮੇਸ਼ੁਰ ਦੇ ਪ੍ਰੇਮ ਅਤੇ ਮਾਫੀ ਨੂੰ ਸਵੀਕਾਰ ਕੀਤਾ ਹੈ ਉਸਦੇ ਅੰਦਰ ਪਵਿੱਤਰ ਅਤਮਾ ਦੇ ਰਾਹੀਂ ਪ੍ਰੇਮ ਦਾ ਇੱਕ ਝਰਨਾ ਫੁੱਟ ਪੈਂਦਾ ਹੈ । ਇਹ ਪ੍ਰੇਮ ਸਵਰਗ ਤੋਂ ਆਉਂਦਾ ਹੈ ਅਤੇ ਸੰਸਾਰਿਕ ਪ੍ਰੇਮ ਨਹੀਂ ਹੈ । ਇਹ - **"ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ । ਪ੍ਰੇਮ ਖੁਣਸ ਨਹੀਂ ਕਰਦਾ, ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ, ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ, ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ, ਸਭ ਕੁਝ ਝੱਲ ਲੈਂਦਾ ਹੈ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ...।"** (1ਕੁਰਿੰਥੀਆਂ 13:4-7) ਇਹੋ ਜਿਹਾਂ ਪ੍ਰੇਮ ਹਰ ਆਦਮੀ ਚਖਣਾ ਚਾਹੁੰਦਾ ਹੈ । ਸਵਰਗ ਤੋਂ ਆਇਆ ਇਹ ਪ੍ਰੇਮ ਕੀਤਾ ਜਾ ਸਕਦਾ ਹੈ, ਸਮਝਾਇਆ ਨਹੀਂ ਜਾ ਸਕਦਾ । ਇਸੇ ਕਰਕੇ ਜਦ ਪ੍ਰਭੂ ਯਿਸੂ ਨੇ ਇਹੋ ਜਿਹਾਂ ਪ੍ਰੇਮ ਕੀਤਾ ਲੋਕਾਂ ਦੀ ਸਮਝ ਵਿੱਚ ਨਹੀਂ ਆਇਆ ।
**ਪ੍ਰਭੂ ਯਿਸੂ ਨੇ ਆਖਿਆ - "...ਨਵੇਂ ਨਰੋਇਆਂ ਨੂੰ ਨਹੀਂ ਪਰ ਰੋਗੀਆਂ ਨੂੰ ਹਕੀਮ ਦੀ ਲੋੜ ਹੈ । ਮੈਂ ਧਰਮੀਆਂ ਨੂੰ ਨਹੀਂ ਪਰ ਪਾਪੀਆਂ ਨੂੰ ਬੁਲਾਉਣ ਆਇਆ ਹਾਂ ।" (ਮਰਕੁਸ 2:17) "ਕਿਉਂ ਜੋ ਮਨੁੱਖ ਦਾ ਪੁੱਤ੍ਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ ।" (ਲੂਕਾ 19:10) "ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ । ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤ੍ਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ ।"** (ਮੱਤੀ

5:44-45) ਪ੍ਰਭੂ ਯਿਸੂ ਨੇ ਕੇਵਲ ਸਿਖਿੱਆ ਹੀ ਨਹੀਂ ਦਿੱਤੀ ਸਗੋਂ ਆਪ ਵੀ ਇਹੋ ਜਿਹਾਂ ਪ੍ਰੇਮ ਕੀਤਾ। ਕੀ ਪ੍ਰਭੂ ਯਿਸੂ ਕੇਵਲ ਰੋਗੀ ਅਤੇ ਪਾਪੀਆਂ ਨੂੰ ਹੀ ਪਿਆਰ ਕਰਦੇ ਹਨ? ਕੀ ਉਹ ਚੰਗੇ ਲੋਕਾ ਨੂੰ ਪਿਆਰ ਨਹੀਂ ਕਰਦੇ? ਉਹ ਸਾਰਿਆਂ ਲੋਕਾਂ ਨੂੰ ਇੱਕੋ ਜਿਹਾਂ ਪਿਆਰ ਕਰਦੇ ਹਨ। ਪ੍ਰਭੂ ਯਿਸੂ ਦਾ ਪਿਆਰ ਡਾਕਟਰ ਅਤੇ ਹਕੀਮ ਵਰਗਾ ਹੈ। ਉਹ ਹਰ ਬੰਦੇ ਦੀ ਬੀਮਾਰੀ ਦੂਰ ਕਰਨ ਆਇਆ ਸੀ। ਪ੍ਰਭੂ ਜੀ ਪ੍ਰੇਮ ਦੀਆਂ ਅੱਖਾਂ ਨਾਲ ਬੰਦੇ ਨੂੰ ਦੇਖਦੇ ਹਨ, ਕਿ ਕਿਵੇਂ ਉਹਨਾਂ ਦਾ ਰੋਗ, ਪਾਪ, ਕੁਧਰਮ ਅਤੇ ਵੈਰ ਦੂਰ ਕਰਨ। ਇੱਕ ਸੱਚਾ ਡਾਕਟਰ ਬਹੁਤ ਜਾਂਚ-ਪੜਤਾਲ ਕਰਕੇ ਰੋਗ ਦੀ ਜੜ੍ਹ ਦਾ ਪਤਾ ਲਗਾਉਂਦਾ ਹੈ ਤਦ ਉਹ ਇਲਾਜ ਦੇ ਬਾਰੇ ਫੈਂਸਲਾ ਕਰਦਾ ਹੈ। ਇਸ ਸੁਰਗੀ ਪ੍ਰੇਮ ਦੇ ਰਾਹ ਉੱਤੇ ਚੱਲਣ ਲਈ ਤੁਹਾਨੂੰ ਪ੍ਰਭੂ ਦੀਆਂ ਅੱਖਾਂ ਨਾਲ ਹਰ ਬੰਦੇ ਨੂੰ ਦੇਖਣਾ ਪਵੇਗਾ। ਬੀਮਾਰ ਬੰਦੇ - ਜੋ ਆਪ ਹੀ ਲੋੜਵੰਦ ਹਨ ਇਹੋ ਜਿਹਾਂ ਪ੍ਰੇਮ ਨਹੀਂ ਕਰ ਸਕਦੇ। ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਸਲੀਬ ਤੇ ਚੜ੍ਹਾਇਆ ਸੀ ਉਨ੍ਹਾਂ ਲਈ ਪ੍ਰਭੂ ਜੀ ਨੇ ਇਹ ਆਖਿਆ - "**...ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।**" (ਲੂਕਾ 23:34)

ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਸਲੀਬ ਤੇ ਚੜ੍ਹਾਇਆ ਸੀ ਕੀ ਉਹ ਨਹੀਂ ਸੀ ਜਾਣਦੇ ਕਿ ਉਹਨਾਂ ਨੇ ਕੀ ਕੀਤਾ ਹੈ? ਕੀ ਉਨ੍ਹਾਂ ਨੇ ਪ੍ਰਭੂ ਜੀ ਦੇ ਬਚਨ ਨਹੀਂ ਸੀ ਸੁਣੇ - ਅਚਰਜ ਕੰਮ ਨਹੀਂ ਸੀ ਵੇਖੇ ? ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਸਲੀਬ ਤੇ ਚੜ੍ਹਾਉਣ ਦਾ ਫੈਸਲਾਂ ਕੀਤਾ ਸੀ ਕੀ ਉਹ ਸਾਰੇ ਅਣਜਾਣ ਸਨ? ਨਹੀਂ, ਪਰ ਫੇਰ ਵੀ ਪ੍ਰਭੂ ਜੀ ਨੇ ਆਖਿਆ - "**ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।**" ਭਾਵੇ ਉਨ੍ਹਾਂ ਨੇ ਜਾਣ ਬੁਝ ਕੇ ਇਹ ਸਭ ਕੁਝ ਕੀਤਾ ਸੀ ਫਿਰ ਵੀ ਉਹਨਾ ਦੀ ਸਮਝ ਵਿੱਚ ਬਹੁਤ ਵੱਡਾ ਘਾਟਾ ਸੀ - ਉਨ੍ਹਾਂ ਦੇ ਜਾਣਨ ਵਿੱਚ ਖੋਟ ਸੀ। ਉਹ ਨਹੀਂ ਸੀ ਜਾਣਦੇ ਕਿ ਪ੍ਰਭੂ ਯਿਸੂ ਕੌਣ ਹਨ - ਉਹ ਨਹੀਂ ਸੀ ਜਾਣਦੇ ਕਿ ਪ੍ਰਭੂ ਯਿਸੂ ਪਰਮੇਸ਼ੁਰ ਦੇ ਪੁੱਤ੍ਰ ਹਨ। ਉਹ ਨਹੀਂ ਸੀ ਜਾਣਦੇ ਕਿ ਪ੍ਰਭੂ ਜੀ ਤੀਜੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਣਗੇ। ਸੁਰਗੀ ਪ੍ਰੇਮ ਕਰਨ ਵਾਲੇ ਨੂੰ ਦੂਜਿਆਂ ਦਾ ਅਣਜਾਣ ਪੁਣਾ ਜਲਦੀ ਦਿਸ ਪੈਂਦਾ ਹੈ। ਇਹੋ ਜਿਹਾਂ ਪ੍ਰੇਮੀ ਪਾਪ ਹੀ ਨੂੰ ਨਹੀਂ ਸਗੋਂ ਪਾਪ ਦੀ ਜੜ੍ਹ ਨੂੰ ਵੀ ਠੀਕ ਕਰਨ ਦਾ ਰਾਹ ਲੱਭਣਾ ਚਾਹੁੰਦਾ ਹੈ। ਇਹ ਪ੍ਰੇਮ ਦੂਜਿਆਂ ਤੋਂ ਉੱਚਾ ਉੱਠ ਕੇ ਜੀਉਣਾ ਚਾਹੁੰਦਾ ਹੈ। ਆਤਮਕ ਪ੍ਰੇਮ ਡਾਕਟਰ ਦੀ ਤਰ੍ਹਾਂ ਦੂਜਿਆਂ ਦੀ ਸੇਵਾ ਕਰਨਾ ਚਾਹੁੰਦਾ ਹੈ। ਇਹੋ ਜਿਹਾਂ ਪ੍ਰੇਮੀ ਆਖਦਾ ਹੈ - **ਪਰਮੇਸ਼ੁਰ ਦਾ ਪ੍ਰੇਮ ਮੇਰੇ ਦਿਲ ਵਿੱਚ ਹੈ -"ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"** ਇਸ ਮਾਫ਼ ਕਰਨ ਵਿੱਚ ਇੱਕੋ ਆਸ ਹੈ ਕਿ ਅਣਜਾਣ ਬੰਦਾ ਆਪਣੀ ਗਲਤੀ ਨੂੰ ਪਛਾਣ ਸਕੇ।ਸੁਰਗੀ ਪ੍ਰੇਮ ਕਰਨ ਵਾਲਾ ਜਦ ਕਿਸੇ ਨੂੰ ਮਾਫ਼ ਕਰਦਾ ਹੈ ਫਿਰ ਸਬਰ ਨਾਲ ਪ੍ਰਾਰਥਨਾ ਵੀ ਕਰਦਾ ਹੈ।

**“ਯਹੋਵਾਹ (ਪਰਮੇਸ਼ੁਰ) ਆਪਣੇ ਸਾਰੇ ਪ੍ਰੇਮੀਆਂ ਦੀ ਪਾਲਨਾ ਕਰਦਾ ਹੈ ...।”** (ਜ਼ਬੂਰ 145:20)

## ਅਨੰਦ ਤੋਂ ਭਰਪੂਰ ਜੀਵਨ

**"ਪ੍ਰਭੂ ਵਿੱਚ ਸਦਾ ਅਨੰਦ ਕਰੋ। ਫੇਰ ਕਹਿੰਦਾ ਹਾਂ, ਅਨੰਦ ਕਰੋ। ਤੁਹਾਡੀ ਖਿਮਾ ਸਭਨਾਂ ਮਨੁੱਖਾਂ ਉੱਤੇ ਪਰਗਟ ਹੋਵੇ। ਪ੍ਰਭੂ ਨੇੜੇ ਹੈ।"** (ਫ਼ਿਲਿੱਪੀਆਂ 4:4-5) ਅਨੰਦ ਆਤਮਕ ਜੀਵਨ ਦਾ ਬਲ ਹੈ। ਆਤਮਕ ਅਨੰਦ ਅਤੇ ਸੰਸਾਰਿਕ ਖੁਸ਼ੀ ਵਿੱਚ ਬਹੁਤ ਫਰਕ ਹੈ। ਸੰਸਾਰਿਕ ਖੁਸ਼ੀ ਦਾ ਸੰਬੰਧ ਜੀਵਨ ਦੀਆਂ ਹਾਲਤਾਂ ਨਾਲ ਹੈ। ਜੇ ਸਾਨੂੰ ਮਨ ਚਾਹੀ ਮੁਰਾਦ ਮਿਲ ਜਾਵੇ ਤਾਂ ਅਸੀਂ ਬੜੇ ਖੁਸ਼ ਹੋ ਕੇ ਆਖਦੇ ਹਾਂ - "ਹੇ ਪ੍ਰਭੂ ਤੇਰਾ ਧੰਨਵਾਦ ਹੋਵੇ !" ਜੇ ਡਰਾਈਵਿੰਗ ਟੇਸਟ ਵਿੱਚ ਫੇਲ ਹੋ ਜਾਈਏ ਤਾਂ ਕਿਸ ਗੱਲ ਦਾ ਧੰਨਵਾਦ ਕਰਾਂਗੇ? ਜਦ ਦੁਖ ਅਤੇ ਉਦਾਸੀ ਹੋਵੇ, ਚਿੰਤਾ ਅਤੇ ਫਿਕਰ ਹੋਵੇ, ਗਰੀਬੀ ਅਤੇ ਤੰਗਹਾਲੀ ਹੋਵੇ, ਬਿਮਾਰੀ ਅਤੇ ਮੌਤ ਦਾ ਸਾਹਮਣਾ ਕਰਨਾ ਪਵੇ ਅਤੇ ਜਦ ਬੰਦਾ ਇੱਕਲਾ ਹੋਵੇ ਯਾ ਇਕੱਲਾ ਹੋ ਜਾਵੇ ਤਦ ਖੁਸ਼ੀ ਕਿਸ ਗੱਲ ਵਿੱਚ ਕਰਾਂਗੇ? ਹਰ ਇਨਸਾਨ ਉੱਤੇ ਇਸ ਜੀਵਨ ਵਿੱਚ ਦੁਖ ਅਤੇ ਤਕਲੀਫ ਆਉਂਦੀ ਹੈ।ਕਿਸੇ ਨੇ ਕਿਹਾ ਹੈ - **"ਪਰ ਆਦਮੀ ਕਸ਼ਟ ਲਈ ਹੀ ਜੰਮਦਾ ਹੈ।"** (ਅੱਯੂਬ 5:7) ਪ੍ਰਭੂ ਯਿਸੂ ਦੇ ਬਾਰੇ ਨਬੀ ਨੇ ਆਖਿਆ ਸੀ -

**ਉਹ ਤੁੱਛ ਅਤੇ ਮਨੁੱਖਾ ਵੱਲੋਂ ਤਿਆਗਿਆ ਹੋਇਆ ਸੀ, ਇੱਕ ਦੁਖੀਆ ਮਨੁੱਖ, ਸੋਗ ਦਾ ਜਾਣੂ, ਅਤੇ ਉਸ ਵਾਂਙੁ ਜਿਸ ਤੋਂ ਲੋਕ ਮੂੰਹ ਲੁਕਾਉਂਦੇ, ਉਹ ਤੁੱਛ ਜਾਤਾ ਗਿਆ ਅਤੇ ਅਸਾਂ ਉਸ ਦੀ ਕਦਰ ਨਾ ਕੀਤੀ।"** (ਯਸਾਯਾਹ 53:3)

ਜਦ ਪ੍ਰਭੁ ਯਿਸੂ ਦੇ ਚੇਲੇ ਗਲੀਲ ਵਿੱਚ ਇਕੱਠੇ ਹੋਏ ਸਨ ਤਦ ਪ੍ਰਭੁ ਯਿਸੂ ਨੇ ਉਨ੍ਹਾਂ ਨੂੰ ਆਪਣੇ ਬਾਰੇ ਦੱਸਦੇ ਹੋਏ ਇਹ ਆਖਿਆ- **"ਮਨੁੱਖ ਦਾ ਪੁੱਤ੍ਰ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਵੇਗਾ ਅਤੇ ਓਹ ਉਸ ਨੂੰ ਮਾਰ ਸੁੱਟਣਗੇ ਅਤੇ ਉਹ ਤੀਏ ਦਿਨ ਜੀ ਉੱਠੇਗਾ। (ਇਹ ਸੁਣ ਕੇ) ਤਾਂ ਓਹ ਬਹੁਤ ਉਦਾਸ ਹੋਏ।"** (ਮੱਤੀ 17:22-23) **-** ਗਤਸਮਨੀ ਦੇ ਬਾਗ ਵਿੱਚ ਜਦ ਪ੍ਰਭੁ ਯਿਸੂ ਪ੍ਰਾਰਥਨਾ ਕਰਨ ਗਿਆ ਤੇ ਉਸ ਨੇ ਆਪਣੇ ਚੇਲਿਆਂ ਨੂੰ ਆਖਿਆ - **"...ਮੇਰਾ ਜੀ ਬਹੁਤ ਉਦਾਸ ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੇ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ।"** (ਮੱਤੀ 26:38) ਦੁਖਾਂ ਵਿੱਚ ਹੀ ਆਤਮਕ ਅਨੰਦ ਨੂੰ ਫਲ ਲੱਗਦਾ ਹੈ। ਇਬਰਾਨੀਆਂ ਦਾ ਲਿਖਣ ਵਾਲਾ ਪ੍ਰਭੁ ਯਿਸੂ ਦੇ ਬਾਰੇ ਇਹ ਸਿਖਾਉਂਦਾ ਹੈ - **"ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।"** (ਇਬਰਾਨੀਆਂ 12:2)

ਪੌਲੁਸ ਨੇ ਆਖਿਆ - **"ਹੁਣ ਮੈਂ ਆਪਣਿਆਂ ਉਨ੍ਹਾਂ ਦੁਖਾਂ ਵਿੱਚ ਜੋ ਤੁਹਾਡੇ ਲਈ ਝਲਦਾ ਹਾਂ ਅਨੰਦ ਹਾਂ..."-** ਉਸਨੇ ਫਿਰ ਆਖਿਆ - **"ਉਦਾਸਾਂ ਜੇਹੇ ਪਰ ਸਦਾ ਅਨੰਦ ਕਰਦੇ ਹਾਂ, ਨਿਰਧਨਾਂ ਜੇਹੇ ਪਰ ਬਹੁਤਿਆਂ ਨੂੰ ਧਨੀ ਬਣਾਉਂਦੇ ਹਾਂ, ਪੱਲਿਓਂ ਸੱਖਣਿਆਂ ਜੇਹੇ ਪਰ ਸੱਭੋ ਕੁਝ ਦੇ ਮਾਲਕ ਹਾਂ।"**(ਕੁਲੁੱਸੀਆਂ 1:24 ਅਤੇ 2ਕੁਰਿੰਥੀਆਂ 6:10) ਜਿਹੜਾ ਬੰਦਾ ਦੁਖਾਂ ਵਿੱਚ ਆਸ ਰੱਖਦਾ ਅਤੇ ਆਤਮਕ ਅਨੰਦ ਨੂੰ ਪਰਗਟ ਕਰਦਾ ਹੈ ਉਹਦੇ ਜੀਵਨ ਦਾ ਫਲ ਬਹੁਤਿਆਂ ਨੂੰ ਲੱਗਦਾ ਹੈ।

**"ਮਨ ਅਨੰਦ ਹੋਵੇ ਤਾਂ ਮੁਖ ਉੱਤੇ ਵੀ ਖੁਸ਼ੀ ਹੁੰਦੀ ਹੈ, ਪਰ ਮਨ ਦੇ ਸੋਗ ਨਾਲ ਆਤਮਾ ਨਿਰਾਸ ਹੁੰਦਾ ਹੈ। ਸਮਝ ਵਾਲੇ ਦਾ ਮਨ ਗਿਆਨ ਦੀ ਖੋਜ ਕਰਦਾ ਹੈ, ਪਰ ਮੂਰਖ ਦਾ ਮੂੰਹ ਮੂਰਖਤਾਈ ਚਰਦਾ ਹੈ।"** (ਕਹਾਉਂਤਾ 15:13-14) ਜਦ ਇੱਕ ਵਿਸ਼ਵਾਸੀ ਉੱਤੇ ਦੁਖ ਯਾ ਬਿਪਤਾ ਆਵੇ ਤਾਂ ਉਹ ਗਿਆਨ ਅਤੇ ਬੁੱਧ ਦੀ ਖੋਜ ਕਰਦਾ ਅਤੇ ਪਰਮੇਸ਼ੁਰ ਆਪਣੇ ਪਿਤਾ ਕੋਲੋਂ ਪੁੱਛਦਾ ਹੈ। ਕੁਝ ਦੁਖ ਸਾਡੇ ਉੱਤੇ ਆਪਣੀ ਭੁੱਲ ਤੋਂ ਆਉਂਦੇ ਹਨ, ਕੁਝ ਦੂਜਿਆਂ ਦੀ ਨਾ ਸਮਝੀ ਤੋਂ ਆਉਂਦੇ ਹਨ। ਯਾਕੂਬ ਲਿਖਦਾ ਹੈ - **"ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ ...ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ।"** (ਯਾਕੂਬ 1:2-5) ਦੁਖ, ਉਦਾਸੀ, ਚਿੰਤਾ, ਫਿਕਰ, ਗਰੀਬੀ, ਤੰਗਹਾਲੀ, ਬਿਮਾਰੀ ਅਤੇ ਭਾਵੇਂ ਮੌਤ ਦਾ ਸਾਹਮਣਾ ਵੀ ਕਰਨਾ ਪਵੇ ਅਸੀਂ ਪਰਮੇਸ਼ੁਰ ਕੋਲੋਂ ਸਮਝ ਅਤੇ ਗਿਆਨ ਮੰਗ ਸਕਦੇ ਹਾਂ। **"ਮੈਨੂੰ ਪੁਕਾਰ ਅਤੇ ਮੈਂ ਤੈਨੂੰ ਉੱਤਰ ਦਿਆਂਗਾ ਅਤੇ ਮੈਂ ਤੈਨੂੰ ਵੱਡੀਆਂ ਵੱਡੀਆਂ ਅਤੇ ਔਖੀਆਂ ਗੱਲਾਂ ਦੱਸਾਂਗਾ ਜਿਨ੍ਹਾਂ ਨੂੰ ਤੂੰ ਨਹੀਂ ਜਾਣਦਾ।"** (ਯਿਰਮਿਯਾਹ 33:3) ਜਦ ਪਵਿੱਤਰ ਆਤਮਾ ਦਾ ਚਾਨਣ ਸਾਡੇ ਜੀਵਨ ਦੀਆਂ ਗੱਲਾਂ ਉੱਤੇ ਚਮਕਦਾ ਹੈ ਤਦ ਅੰਦਰੂਨੀ ਅਨੰਦ ਦੀ ਤਾਕਤ ਨਾਲ ਅਸੀਂ ਇਹ ਆਖਦੇ ਹਾਂ - **"ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ।"** (ਰੋਮੀਆਂ 8:37) ਤੁਸੀਂ ਵੀ ਪ੍ਰਭੁ ਦੇ ਅਨੰਦ ਦੀ ਤਾਕਤ ਨਾਲ ਫਤਹ ਅਤੇ ਜਿੱਤ ਪਾ ਸਕਦੇ ਹੋ।

ਇੱਕ ਦੁਖ ਹੈ ਜਿਹੜਾ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਹੁੰਦਾ ਹੈ। ਪਤਰਸ ਉਹ ਦੇ ਬਾਰੇ ਇਸ ਤਰ੍ਹਾਂ ਲਿਖਦਾ ਹੈ - **"ਉਪਰੰਤ ਜਿਹੜੇ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਦੁਖ ਭੋਗਦੇ ਹਨ ਉਹ ਸ਼ੁਭ ਕਰਮ**

**ਕਰਦੇ ਹੋਏ ਆਪਣੀਆਂ ਜਾਨਾਂ ਨੂੰ ਓਸ ਵਫ਼ਾਦਾਰ ਕਰਤਾਰ ਨੂੰ ਸੌਂਪ ਦੇਣ।"** (1ਪਤਰਸ 4:19) ਇੱਕ ਵਾਰੀ ਜਦ ਪਤਰਸ ਨੂੰ ਹੋਰ ਰਸੂਲਾਂ ਦੇ ਨਾਲ ਮਾਰਿਆ ਅਤੇ ਕੁੱਟਿਆ ਗਿਆ ਸੀ ਤੇ ਓਨ੍ਹਾਂ ਨੂੰ ਇਹ ਤਾਗੀਦ ਕੀਤੀ ਗਈ ਸੀ ਜੋ ਯਿਸੂ ਦੇ ਨਾਮ ਦਾ ਚਰਚਾ ਵੀ ਨਾ ਕਰਨ ਅਤੇ ਲਿਖਿਆ ਹੈ - **"ਸੋ ਓਹ ਇਸ ਗੱਲ ਤੋਂ ਅਨੰਦ ਕਰਦੇ ਹੋਏ ਜੋ ਅਸੀਂ ਉਸ ਨਾਮ ਦੇ ਕਾਰਨ ਬੇਪਤ ਹੋਣ ਦੇ ਜੋਗ ਗਿਣੇ ਗਏ, ਮਹਾਂ ਸਭਾ ਦੇ ਸਾਹਮਣਿਓਂ ਚੱਲੇ ਗਏ।"** (ਰਸੂਲਾਂ ਦੇ ਕਰਤੱਬ 5:40-41) ਪ੍ਰਭੂ ਯਿਸੂ ਨੇ ਕਿਹਾ - **"ਧੰਨ ਹੋ ਤੁਸੀਂ ਜਾਂ ਮਨੁੱਖ ਮੇਰੇ ਕਾਰਨ ਤੁਹਾਨੂੰ ਬੋਲੀਆਂ ਮਾਰਨਗੇ ਅਤੇ ਸਤਾਉਣਗੇ ਅਤੇ ਹਰੇਕ ਬੁਰੀ ਗੱਲ ਤੁਹਾਡੇ ਉੱਤੇ ਝੂਠ ਮੂਠ ਲਾਉਣਗੇ। ਅਨੰਦ ਹੋਵੋ ਅਤੇ ਖੁਸ਼ੀ ਕਰੋ ਕਿਉਂ ਜੋ ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ।" "ਸੋ ਹੁਣ ਤੁਸੀਂ ਉਦਾਸ ਹੋ ਪਰ ਮੈਂ ਤੁਹਾਨੂੰ ਫੇਰ ਵੇਖਾਂਗਾ ਅਤੇ ਤੁਹਾਡਾ ਦਿਲ ਅਨੰਦ ਹੋਵੇਗਾ ਅਰ ਤੁਹਾਡਾ ਅਨੰਦ ਤੁਹਾਥੋਂ ਕੋਈ ਨਹੀਂ ਖੋਵੇਗਾ...ਅਜੇ ਤੀਕਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।"** (ਮੱਤੀ 5:11-12 ਅਤੇ ਯੂਹੰਨਾ 16:22,24) ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਜਦ ਅਸੀਂ ਦੁਖ ਭੋਗਦੇ ਹਾਂ, ਪਤਰਸ ਕਹਿੰਦਾ ਹੈ ਉਸ ਵੇਲੇ ਤੁਸੀਂ- **"ਡਾਢੇ ਅਨੰਦ ਨਾਲ ਨਿਹਾਲ ਹੋਵੋ। ਜੇ ਮਸੀਹ ਦੇ ਨਾਮ ਦੇ ਕਾਰਨ ਤੁਹਾਨੂੰ ਬੋਲੀਆਂ ਵੱਜਣ ਤਾਂ ਧੰਨ ਹੋ ਇਸ ਲਈ ਜੋ ਤੇਜ ਦਾ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ।"** (1ਪਤਰਸ 4:13-14) ਪ੍ਰਭੂ ਦੇ ਦੁਖਾਂ ਦੀ ਸਾਂਝ ਨੂੰ ਜਾਣਨ ਨਾਲ ਹੀ ਆਤਮਕ ਜੀਵਨ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਜਾਣ ਅਤੇ ਪਹਿਚਾਣ ਕੇ ਹਰ ਕੰਮ ਕਰਨਾ ਚਾਹੁੰਦੇ ਹਾਂ, ਇਸੇ ਵਿੱਚ ਸੱਚਾ ਅਤੇ ਸਦਾ ਦਾ ਅਨੰਦ ਹੈ। ਕੀ ਕੋਈ ਆਪਣੀ ਹੀ ਮਰਜੀ ਨੂੰ ਪੂਰਾ ਕਰਕੇ ਸਦਾ ਲਈ ਖੁਸ਼ ਹੋ ਸਕਦਾ ਹੈ? ਸੱਚਾ, ਆਤਮਕ ਅਤੇ ਅੰਦਰੂਨੀ ਅਨੰਦ ਪਰਮੇਸ਼ੁਰ ਦੀ ਇੱਛਾ ਨੂੰ ਪ੍ਰੇਮ ਕਰਨ ਨਾਲ ਆਉਂਦਾ ਹੈ। ਤੁਸੀਂ ਵੀ ਪ੍ਰਭੂ ਦੇ ਅਨੰਦ ਵਿੱਚ ਸਦਾ ਰਹਿ ਸਕਦੇ ਹੋ!

**"ਤਦ ਮੈਂ ਪਰਮੇਸ਼ੁਰ ਦੀ ਜਗਵੇਦੀ ਕੋਲ ਜਾਵਾਂਗਾ,**
**ਉਸ ਪਰਮੇਸ਼ੁਰ ਕੋਲ ਜਿਹੜਾ ਮੇਰੀ ਅੱਤ ਵੱਡੀ ਖੁਸ਼ੀ ਹੈ, ਅਤੇ**
**ਬਰਬਤ ਵਜਾ ਕੇ ਤੇਰਾ ਧੰਨਵਾਦ ਕਰਾਂਗਾ, ਹੇ ਪਰਮੇਸ਼ੁਰ, ਮੇਰੇ ਪਰਮੇਸ਼ੁਰ!"**
(ਜ਼ਬੂਰਾਂ ਦੀ ਪੋਥੀ 43:4)

## ਜੀਵਨ ਜੋ ਸਵਰਗ ਤੋਂ ਉਤਰਿਆ

ਪ੍ਰਭੂ ਯਿਸੂ ਨੇ ਆਪਣੇ ਜੀ ਉੱਠਣ ਤੋਂ ਬਾਦ ਥੋਮਾ ਨੂੰ ਆਖਿਆ - **"ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ। ਥੋਮਾ ਨੇ ਉਹ ਨੂੰ ਉੱਤਰ ਦਿੱਤਾ, ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ! ਯਿਸੂ ਨੇ ਉਸ ਨੂੰ ਆਖਿਆ, ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ।"** (ਯੂਹੰਨਾ 20:27-29) ਜੇ ਤੁਸੀਂ ਵੀ ਸੱਚੇ ਦਿਲ ਨਾਲ ਪ੍ਰਭੂ ਯਿਸੂ ਨੂੰ ਇਹ ਕਹਿੰਦੇ ਹੋ - ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ - ਤਾਂ ਤੁਸੀਂ ਵੀ ਧੰਨ ਹੋ। ਜਿਹੜਾ ਬੰਦਾ ਪ੍ਰਭੂ ਯਿਸੂ ਵਿੱਚ ਪਰਮੇਸ਼ੁਰ ਨੂੰ ਦੇਖਣ ਲੱਗ ਪੈਂਦਾ ਹੈ ਉਸ ਉੱਤੇ ਵੱਡੀ ਬਰਕਤ ਹੁੰਦੀ ਹੈ। ਪ੍ਰਭੂ ਯਿਸੂ ਨੇ ਫ਼ਿਲਿੱਪੁਸ ਨੂੰ ਆਖਿਆ ਸੀ **"...ਜਿਨ ਮੈਨੂੰ ਵੇਖਿਆ ਓਨ ਪਿਤਾ (ਪਰਮੇਸ਼ੁਰ ) ਨੂੰ ਵੇਖਿਆ ਹੈ।"** (ਯੂਹੰਨਾ 14:9) ਪ੍ਰਭੂ ਯਿਸੂ ਨੇ ਯਹੂਦੀਆਂ ਨੂੰ ਆਖਿਆ ਸੀ - **ਮੈਂ ਅਰ ਪਿਤਾ (ਪਰਮੇਸ਼ੁਰ) ਇੱਕੋ ਹਾਂ।"** (ਯੂਹੰਨਾ 10:30) ਪ੍ਰਭੂ ਯਿਸੂ ਮਸੀਹ ਪਰਮੇਸ਼ੁਰ ਹਨ। ਇੱਕ ਸੂਬੇਦਾਰ ਨੇ ਪ੍ਰਭੂ ਯਿਸੂ ਨੂੰ ਇਹ ਆਖਿਆ - **"ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ। ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ**

**ਇੱਕ ਨੂੰ ਆਖਦਾ ਹਾਂ ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ ਆ! ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ।"** ਸੂਬੇਦਾਰ ਰੋਮੀਆਂ ਦੀ ਸਰਕਾਰ ਦੇ ਹੁਕਮ ਵਿੱਚ ਸੀ ਅਤੇ ਉਸ ਦਾ ਇਖ਼ਤਿਆਰ ਸਿਪਾਹੀਆਂ ਅਤੇ ਨੌਕਰਾਂ ਦੇ ਉੱਤੇ ਸੀ। ਜਦ ਉਸ ਆਖਿਆ - **"ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੱਗਾ ਹੋ ਜਾਊ।"** ਉਹ ਪ੍ਰਭੂ ਜੀ ਦੇ ਬਚਨਾਂ ਵਿਚ ਜੋ ਹੁਕਮ ਅਤੇ ਇਖ਼ਤਿਆਰ ਹੈ, ਇਸ ਨੂੰ ਕਬੂਲ ਕਰ ਰਿਹਾ ਸੀ। ਪ੍ਰਭੂ ਯਿਸੂ ਨੇ ਸੂਬੇਦਾਰ ਨੂੰ ਕਿਹਾ - **"ਜਾਹ, ਜਿਹੀ ਤੈਂ ਨਿਹਚਾ ਕੀਤੀ ਤੇਰੇ ਲਈ ਤਿਹਾ ਹੀ ਹੋਵੇ ਅਤੇ ਉਹ ਨੌਕਰ ਉਸੇ ਘੜੀ ਚੰਗਾ ਹੋ ਗਿਆ।"** । ਸੂਬੇਦਾਰ ਨੇ ਪ੍ਰਭੂ ਯਿਸੂ ਨੂੰ ਪਛਾਣ ਲਿਆ ਸੀ ਕਿ ਉਹ ਪਰਮੇਸ਼ੁਰ ਹਨ। ਤੁਸੀਂ ਮੱਤੀ 8:5-13 ਵਿੱਚ ਇਸ ਘਟਨਾ ਦੇ ਬਾਰੇ ਪੜ੍ਹ ਸਕਦੇ ਹੋ।

ਇੱਕ ਵਾਰੀ ਰਾਹ ਦੇ ਵਿੱਚ ਪ੍ਰਭੂ ਜੀ ਨੂੰ ਦਸ ਕੋੜ੍ਹੀ ਮਿਲੇ, ਉਨ੍ਹਾਂ ਦੂਰ ਖੜੇ ਹੋ ਕੇ ਉੱਚੀ ਅਵਾਜ਼ ਦੇ ਕੇ ਕਿਹਾ - **"ਹੇ ਯਿਸੂ ਮਹਾਰਾਜ, ਸਾਡੇ ਉੱਤੇ ਦਯਾ ਕਰ!"** ਪ੍ਰਭੂ ਯਿਸੂ ਨੇ ਆਖਿਆ - **"ਜਾਓ ਆਪਣੇ ਤਾਈਂ ਜਾਜਕਾਂ ਨੂੰ ਵਿਖਾਓ,"** ਅਤੇ ਐਉਂ ਹੋਇਆ ਕਿ ਓਹ ਜਾਂਦੇ ਜਾਂਦੇ (ਸਾਰੇ ਹੀ) ਸ਼ੁੱਧ ਹੋ ਗਏ। ਤਾਂ ਉਨ੍ਹਾਂ ਵਿੱਚੋਂ ਇੱਕ ਇਹ ਵੇਖ ਕੇ ਜੋ ਮੈਂ ਚੰਗਾ ਹੋਇਆ ਵੱਡੀ ਅਵਾਜ਼ ਨਾਲ ਪਰਮੇਸ਼ੁਰ ਦੀ ਵਡਿਆਈ ਕਰਦਾ ਹੋਇਆ ਮੁੜ ਆਇਆ। ਅਤੇ ਮੂੰਹ ਦੇ ਭਾਰ ਉਹ (ਪ੍ਰਭੂ ਯਿਸੂ) ਦੇ ਪੈਰੀਂ ਪੈ ਕੇ ਉਹ ਦਾ ਸ਼ੁਕਰ ਕੀਤਾ, ਅਤੇ ਉਹ ਸਾਮਰੀ ਸੀ। ਪਰ ਯਿਸੂ ਨੇ ਅੱਗੋਂ ਆਖਿਆ, ਭਲਾ, ਦਸੇ ਸ਼ੁੱਧ ਨਹੀਂ ਹੋਏ ? ਤਾਂ ਓਹ ਨੌ ਕਿੱਥੇ ਹਨ ? ਇਸ ਓਪਰੇ ਤੋਂ ਬਿਨਾ ਕੀ ਹੋਰ ਨਾ ਮਿਲੇ ਜੋ ਮੁੜ ਕੇ ਪਰਮੇਸ਼ੁਰ ਦੀ ਵਡਿਆਈ ਕਰਦੇ ? (ਪ੍ਰਭੂ ਯਿਸੂ ਨੇ) ਉਸ ਨੂੰ ਕਿਹਾ, "ਉੱਠ ਕੇ ਚੱਲਿਆ ਜਾਹ, ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ।" ਦਸ ਕੋੜ੍ਹੀ ਪ੍ਰਭੂ ਜੀ ਨੇ ਚੰਗੇ ਕੀਤੇ ਸਨ ਪਰ ਇੱਕ ਹੀ ਸੀ, ਜਿਸ ਨੇ ਪਛਾਣਿਆ ਕਿ ਪ੍ਰਭੂ ਯਿਸੂ ਪਰਮੇਸ਼ੁਰ ਹਨ, ਉਸਨੇ ਮੂੰਹ ਦੇ ਭਾਰ ਪੈਰੀਂ ਪੈ ਕੇ ਸ਼ੁਕਰ ਕੀਤਾ। ਤੁਸੀ ਲੂਕਾ 17: 11-19 ਵਿੱਚ ਇਸ ਘਟਨਾ ਦੇ ਬਾਰੇ ਪੜ੍ਹ ਸਕਦੇ ਹੋ।

ਇੱਕ ਜਮਾਂਦਰੂ ਅੰਨ੍ਹਾ ਸੀ। ਪ੍ਰਭੂ ਯਿਸੂ ਦੇ ਚੇਲਿਆਂ ਨੇ ਪੁਛਿੱਆ, ਕਿ ਕਿਹਨੇ ਪਾਪ ਕੀਤਾ ਇਸ ਅੰਨੇ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾਂ ਜੰਮਿਆ ਹੈ? ਯਿਸੂ ਨੇ ਉੱਤਰ ਦਿੱਤਾ, ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿੱਚ ਪਰਗਟ ਕੀਤੇ ਜਾਂਣ। ਏਹ ਗੱਲਾਂ ਕਹਿ ਕੇ ਪ੍ਰਭੂ ਯਿਸੂ ਨੇ ਧਰਤੀ ਉੱਤੇ ਥੁੱਕਿਆ ਅਤੇ ਥੁੱਕ ਨਾਲ ਮਿੱਟੀ ਗੋਈ ਅਰ ਉਹ ਮਿੱਟੀ ਉਹ ਦੀਆਂ ਅੱਖੀਆਂ ਉੱਤੇ ਮਲੀ ਅਤੇ ਉਸ ਨੂੰ ਆਖਿਆ, ਜਾਹ ਸਿਲੋਆਮ ਦੇ ਕੁੰਡ ਵਿੱਚ ਧੋ ਸੁਟ। ਉਸ ਜਮਾਂਦਰੂ ਅੰਨ੍ਹੇ ਨੇ ਜਾ ਕੇ ਅੱਖਾਂ ਧੋਤੀਆਂ ਅਤੇ ਸੁਜਾਖਾ (ਦੇਖਣ ਵਾਲਾ) ਹੋ ਕੇ ਚੱਲਾ ਆਇਆ। ਉਹਦੇ ਕੁਝ ਗੁਆਂਢੀਆਂ ਨੇ ਪੁਛਿੱਆ, "ਇਹ ਉਹੋ ਨਹੀਂ ਜਿਹੜਾ ਬੈਠਾ ਭੀਖ ਮੰਗਦਾ ਹੁੰਦਾ ਸੀ ?" ਓਸ ਉੱਤਰ ਦਿੱਤਾ, "ਮੈਂ ਓਹੋ ਹਾਂ।" ਅਤੇ ਆਪਣੀ ਸਾਰੀ ਕਹਾਣੀ ਉਨ੍ਹਾਂ ਨੂੰ ਸੁਣਾਈ। ਪ੍ਰਭੂ ਯਿਸੂ ਨੇ ਜਿਸ ਦਿਨ ਇਸ ਅੰਨ੍ਹੇ ਦੀਆਂ ਅੱਖਾਂ ਖੋਲੀਆਂ ਸਨ ਉਹ "ਸਬਤ" ਦਾ ਦਿਨ ਸੀ। "ਸਬਤ" ਦੇ ਦਿਨ ਕੋਈ ਵੀ ਕੰਮ ਕਰੇ ਉਸ ਬੰਦੇ ਨੂੰ ਧਰਮ ਦੇ ਆਗੂ ਫ਼ਰੀਸੀ ਪਾਪੀ ਸਮਝਦੇ ਸਨ। ਫ਼ਰੀਸੀਆਂ ਨੂੰ ਵੀ ਜਮਾਦਰੂ ਅੰਨ੍ਹੇ ਨੂੰ ਆਪਣੀ ਕਹਾਣੀ ਦੱਸਣੀ ਪਈ। ਉਨ੍ਹਾਂ ਉਸ ਤੋਂ ਪੁਛਿੱਆ, "ਤੂੰ ਉਹ ਦੇ ਵਿਖੇ ਕੀ ਕਹਿੰਦਾ ਹੈਂ?" ਜਿਹਦੀਆਂ ਅੱਖਾਂ ਖੁਲ੍ਹ ਗਈਆਂ ਸਨ ਉਹ ਬੋਲਿਆ, "ਉਹ ਨਬੀ ਹੈ।" ਫ਼ਰੀਸੀਆਂ ਨੇ ਉਹ ਦੇ ਮਾਪਿਆਂ ਕੋਲੋਂ ਪੁੱਛ ਗਿੱਛ ਕਰਕੇ ਦੁਈ ਵਾਰ ਸੱਦਕੇ ਉਹ ਨੂੰ ਆਖਿਆ, "ਪਰਮੇਸ਼ੁਰ ਦੀ ਵਡਿਆਈ ਕਰ। ਅਸੀਂ ਜਾਣਦੇ ਹਾਂ ਜੋ ਇਹ ਮਨੁੱਖ ਪਾਪੀ ਹੈ।" ਪਰ ਜਿਸ ਦੀਆਂ ਅੱਖਾਂ ਪ੍ਰਭੂ ਜੀ ਨੇ ਖੋਲੀਆਂ ਸਨ ਉਹ ਉਨ੍ਹਾਂ ਨਾਲ ਸਹਿਮਤ ਨਾ ਹੋਇਆ। ਉਸ ਨੇ ਉਨਹਾਂ ਨੂੰ ਉੱਤਰ ਦਿੱਤਾ, "ਜਗਤ ਦੇ ਮੁੱਢੋਂ ਇਹ ਕਦੇ ਨਹੀਂ ਸੁਣਿਆ ਗਿਆ ਜੋ ਕਿਨ੍ਹੇ ਜਮਾਂਦਰੂ ਅੰਨ੍ਹੇ ਦੀਆਂ ਅੱਖਾਂ ਖੋਲ੍ਹੀਆਂ ਹੋਣ!" ਉਨ੍ਹਾਂ ਨੇ ਉਸ ਨੂੰ ਉੱਤਰ ਦਿੱਤਾ, "ਤੂੰ ਤਾਂ ਨਿਰਾ ਪੁਰਾ ਪਾਪਾਂ ਵਿੱਚ ਜੰਮਿਆ ਹੈਂ, ਫੇਰ ਸਾਨੂੰ ਸਿਖਲਾਉਂਦਾ ਹੈਂ ?" ਅਤੇ ਉਨ੍ਹਾਂ ਉਸ ਨੂੰ ਛੇਕ ਦਿੱਤਾ।

ਯਿਸੂ ਨੇ ਸੁਣਿਆ ਜੋ ਉਨ੍ਹਾਂ ਉਹ ਨੂੰ ਛੇਕ ਦਿੱਤਾ ਅਤੇ ਉਹ ਨੂੰ ਲੱਭ ਕੇ ਆਖਿਆ, " ਕੀ ਤੂੰ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਕਰਦਾ ਹੈਂ ?" ਉਹ ਨੇ ਉੱਤਰ ਦਿੱਤਾ, "ਪ੍ਰਭੂ ਜੀ, ਉਹ ਕੌਣ ਹੈ ਜੋ ਮੈਂ ਉਸ ਉੱਤੇ ਨਿਹਚਾ

ਕਰਾਂ ?" ਯਿਸੂ ਨੇ ਉਹ ਨੂੰ ਆਖਿਆ, "ਤੈਂ ਉਸ ਨੂੰ ਵੇਖਿਆ ਭੀ ਹੈ ਅਤੇ ਨਾਲੇ ਉਹ ਜੋ ਤੇਰੇ ਸੰਗ ਗੱਲਾਂ ਕਰਦਾ ਹੈ ਸੋਈ ਹੈ।" ਜਿਹਦੀਆਂ ਅੱਖਾਂ ਪ੍ਰਭੁ ਜੀ ਨੇ ਖੋਲੀਆਂ ਸਨ ਉਹ ਬੋਲਿਆ, "ਪ੍ਰਭੁ ਜੀ ਮੈਂ ਨਿਹਚਾ ਕਰਦਾ ਹਾਂ!" ਅਤੇ ਉਸ ਨੂੰ ਮੱਥਾ ਟੇਕਿਆ, ਇਸਦੇ ਦੁਆਰਾ ਉਸਨੇ ਪਰਗਟ ਕੀਤਾ ਕਿ ਪ੍ਰਭੁ ਯਿਸੂ ਪਰਮੇਸ਼ੁਰ ਹਨ। ਇਸ ਘਟਨਾ ਦੇ ਬਾਰੇ ਤੁਸੀਂ ਯੂਹੰਨਾ ਦੇ ਨੌਵੇਂ ਅਧਿਆਇ ਵਿੱਚ ਪੜ੍ਹ ਸਕਦੇ ਹੋ। ਕੀ ਤੁਸੀਂ ਵੀ ਪ੍ਰਭੁ ਯਿਸੂ ਮਸੀਹ ਦੇ ਅੱਗੇ ਮੱਥਾ ਟੇਕਦੇ ਹੋ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਕਰਕੇ ਜਾਣਦੇ ਹੋ?

ਪੌਲੁਸ ਲਿਖਦਾ ਹੈ - "ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਉਸੇ (ਪ੍ਰਭੁ ਯਿਸੂ ਮਸੀਹ) ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸ (ਪ੍ਰਭੁ ਯਿਸੂ ਮਸੀਹ) ਦੇ ਰਾਹੀਂ ਅਤੇ ਉਸੇ ਦੇ ਲਈ ਉਤਪਤ ਹੋਇਆ ਹੈ। ਅਤੇ ਉਹ (ਪ੍ਰਭੁ ਯਿਸੂ ਮਸੀਹ) ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ।...ਭਈ ਯਿਸੂ ਨਾ ਨਾਮ ਲੈ ਕੇ...ਹਰ ਗੋਡਾ ਨਿਵਾਇਆ ਜਾਵੇ।" (ਕੁਲੁੱਸੀਆਂ 1:16-18 ਅਤੇ ਫ਼ਿਲਿੱਪੀਆਂ 2:10)

**"ਆਓ, ਅਸੀਂ ਮੱਥਾ ਟੇਕੀਏ ਅਤੇ ਨਿਉਂ ਕੇ ਯਹੋਵਾਹ (ਪਰਮੇਸ਼ੁਰ)**
**ਆਪਣੇ ਸਿਰਜਣਹਾਰ ਦੇ ਅੱਗੇ ਗੋਡੇ ਨਿਵਾਈਏ।"**

(ਜ਼ਬੂਰਾਂ ਦੀ ਪੋਥੀ 95:6)

## ਜੀਵਨ ਦੀ ਦ੍ਰਿਸ਼ਟੀ ਵਿੱਚ

"ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸੱਕਦਾ।" ਇਹ ਵੀ ਲਿਖਿਆ ਹੈ - "ਪਰ ਜਿੰਨਿਆਂ ਨੇ ਉਸ (ਪ੍ਰਭੁ ਯਿਸੂ) ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।" (ਯੂਹੰਨਾ 3:3 ਅਤੇ 1:12) ਜਦ ਮੈਂ ਨਿਹਚਾ ਕਰਦਾ ਹਾਂ ਕਿ ਪ੍ਰਭੁ ਯਿਸੂ ਮਸੀਹ ਨੇ ਮੇਰੀ ਮੁਕਤੀ ਅਤੇ ਮੇਰੇ ਪਾਪਾਂ ਦੀ ਮਾਫ਼ੀ ਲਈ ਸਲੀਬ ਉੱਤੇ ਲਹੂ ਵਹਾਇਆ ਤਦ ਮੈਂ ਪ੍ਰਭੁ ਯਿਸੂ ਮਸੀਹ ਦਾ ਆਪਣੇ ਦਿਲ ਵਿੱਚ ਸੁਆਗਤ ਵੀ ਕਰਦਾ ਹਾਂ ਅਤੇ ਉਨ੍ਹਾਂ ਨੂੰ ਆਪਣਾ ਮਾਲਿਕ ਅਤੇ ਰਾਜਾ ਕਰਕੇ ਕਬੂਲ ਕਰਦਾ ਹਾਂ। ਆਪਣੇ ਪਾਪਾਂ ਤੋਂ ਪਛਤਾਵਾ ਕਰਦੇ ਹੋਏ ਜਦ ਅਸੀਂ ਆਪਣੇ ਦਿਲ ਦਾ ਦਰਵਾਜ਼ਾ ਪ੍ਰਭੂ ਯਿਸੂ ਲਈ ਖੋਲ੍ਹਦੇ ਹਾਂ ਉਹ ਆਪਣੇ ਬਚਨ ਦੇ ਅਨੁਸਾਰ ਸਾਡੇ ਅੰਦਰ ਆਉਂਦਾ ਹੈ। ਪ੍ਰਭੁ ਯਿਸੂ ਨੇ ਆਖਿਆ ਹੈ - "...ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ ਉਹ ਦੇ ਕੋਲ ਅੰਦਰ ਜਾਵਾਂਗਾ...।" (ਪਰਕਾਸ਼ ਦੀ ਪੋਥੀ 3:20) ਜਦ ਪ੍ਰਭੁ ਯਿਸੂ ਸਾਡੇ ਅੰਦਰ ਆਉਂਦਾ ਹੈ ਸਾਡਾ "ਨਵਾਂ ਜਨਮ" ਹੋ ਜਾਂਦਾ ਹੈ, ਅਸੀਂ ਸਦਾ ਲਈ ਪਰਮੇਸ਼ੁਰ ਦੇ ਪੁੱਤ੍ਰ ਧੀਆਂ ਬਣ ਜਾਂਦੇ ਹਾਂ। ਨਵਾਂ ਜੀਵਨ ਪ੍ਰਾਪਤ ਕਰਨ ਤੋਂ ਬਾਦ ਵਿਸ਼ਵਾਸੀ ਪ੍ਰਭੁ ਯਿਸੂ ਦੀ ਦ੍ਰਿਸ਼ਟੀ ਵਿੱਚ ਕੌਣ ਹਨ ? ਅਸੀਂ ਉਸਦੀ ਪਰਜਾ, ਪ੍ਰਭੁ ਦੇ ਚੇਲੇ, ਲੋੜਵੰਦ ਲੋਕ, ਮਿੱਤਰ ਅਤੇ ਉਹਦੇ ਭਰਾ ਹਾਂ। ਪ੍ਰਭੁ ਯਿਸੂ ਸਾਡਾ ਮੁਕਤੀਦਾਤਾ, ਰਾਜਾ, ਗੁਰੂ, ਵਿਚੋਲਾ-ਮਹਾਂ ਜਾਜਕ (ਪੁਰੋਹਿਤ),ਮਿੱਤਰ ਅਤੇ ਵੱਡਾ ਭਰਾ ਹੈ। ਪ੍ਰਭੁ ਨਾਲ ਸਾਡੀ ਇਹ ਏਕਤਾ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਹੈ। ਜੇ ਕੋਈ ਆਖੇ, "ਭਈ ਮੈਂ ਤਾਂ ਇੱਕ ਸਾਧਾਰਨ ਵਿਸ਼ਵਾਸੀ ਹੀ ਹਾਂ।" - ਕੀ ਉਹ ਫਿਰ ਪ੍ਰਭੁ ਯਿਸੂ ਦਾ ਚੇਲਾ ਨਹੀਂ ਹੈ? ਕੀ ਉਹ ਪ੍ਰਭੁ ਦੇ ਅਨੁਸ਼ਾਸਨ (ਨਿਯੰਤ੍ਰਣ) ਵਿੱਚ ਰਹਿ ਕੇ ਸਿੱਖਣਾ ਨਹੀਂ ਚਾਹੁੰਦਾ? ਕੀ ਸਾਨੂੰ ਪ੍ਰਭੁ ਯਿਸੂ ਦੀ ਮਾਫ਼ੀ ਅਤੇ ਮੁਕਤੀ ਹੀ ਚਾਹੀਦੀ ਹੈ? ਕੀ ਅਸੀਂ ਸਿਰਫ਼ ਮੱਥਾ ਟੇਕਣ ਲਈ ਹੀ ਪ੍ਰਭੂ ਯਿਸੂ ਨੂੰ ਆਪਣਾ ਗੁਰੂ ਆਖਦੇ ਹਾਂ?

ਚੇਲਾ ਉਹ ਹੁੰਦਾ ਹੈ ਜੋ ਸਿੱਖਿਆ, ਸਲਾਹ ਅਤੇ ਉਪਦੇਸ਼ ਨੂੰ ਸੁਣਨ ਅਤੇ ਸਵੀਕਾਰ ਕਰਨ ਵਾਲਾ ਹੋਵੇ। ਸੱਚਾ ਚੇਲਾ (ਅਨੁਯਾਯੀ ) ਜੋ ਸੁਣਦਾ ਹੈ ਉਸ ਉੱਤੇ ਸੋਚ ਵਿਚਾਰ ਕਰਕੇ ਨਿਯਮਪੂਰਵਕ ਹਰ ਗੱਲ ਦਾ ਅਭਿਆਸ ਕਰਦਾ ਹੈ। ਜਿਸਦਾ ਵਿਸ਼ਵਾਸ ਸੱਚਾ ਹੈ ਉਹ ਸਿਖਣ ਦਾ ਭੁੱਖਾ ਅਤੇ ਤਿਹਾਇਆ ਵੀ ਹੋਵੇਗਾ। ਪ੍ਰਭੁ ਯਿਸੂ ਦੇ ਪਹਿਲੇ ਚੇਲੇ ਮਾਛੀ ਸਨ- - "ਯਿਸੂ ਨੇ ਉਨ੍ਹਾਂ ਨੂੰ ਆਖਿਆ, ਮੇਰੇ ਮਗਰ ਆਓ ਤਾਂ ਮੈਂ

ਤੁਹਾਨੂੰ ਮਨੁੱਖਾਂ ਦੇ ਸ਼ਿਕਾਰੀ ਬਣਾਵਾਂਗਾ। ਅਤੇ ਓਹ ਝੱਟ ਜਾਲਾਂ ਨੂੰ ਛੱਡ ਕੇ ਉਹ ਦੇ ਮਗਰ ਹੋ ਤੁਰੇ।" (ਮਰਕੁਸ 1:17-18) ਜੋ ਚੇਲਾ ਬਣ ਕੇ ਤੁਰ ਪੈਂਦਾ ਹੈ, ਪ੍ਰਭੂ ਜੀ ਉਸ ਬੰਦੇ ਨੂੰ ਫਲਦਾਰ ਬਣਾਉਂਦੇ ਹਨ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਪ੍ਰਭੂ ਯਿਸੂ ਨੂੰ ਆਪਣੀ ਵੱਲ ਆਉਂਦਿਆਂ ਵੇਖ ਕੇ ਆਖਿਆ ਸੀ-"ਵੇਖੋ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ! ਯੂਹੰਨਾ ਦੀ ਗੱਲ ਸੁਣ ਕੇ ਦੋ ਜਣੇ ਯਿਸੂ ਦੇ ਮਗਰ ਤੁਰ ਪਏ।ਯਿਸੂ ਨੇ ਪਿਛਾਹਾਂ ਮੁੜ ਕੇ ਉਨ੍ਹਾਂ ਨੂੰ ਆਖਿਆ, ਤੁਸੀਂ ਕੀ ਭਾਲਦੇ ਹੋ ? ਉਨ੍ਹਾਂ ਉਸ ਨੂੰ ਆਖਿਆ, ਹੇ ਰੱਬੀ! (ਅਰਥਾਤ ਹੇ ਗੁਰੂ!) ਤੁਸੀਂ ਕਿੱਥੇ ਟਿਕਦੇ ਹੋ ? ਉਸ ਨੇ ਉਨ੍ਹਾਂ ਨੂੰ ਆਖਿਆ ਆਓ ਤਾਂ ਵੇਖੋਗੇ। ਸੋ ਓਹ ਗਏ ਅਰ ਜਿੱਥੇ ਉਹ ਰਹਿੰਦਾ ਸੀ ਵੇਖਿਆ ਅਤੇ ਉਸ ਦਿਨ ਉਹ ਦੇ ਸੰਗ ਰਹੇ।" ਪ੍ਰਭੂ ਯਿਸੂ ਮਸੀਹ ਸੱਚਾ ਗੁਰੂ ਹੈ। ਚੇਲਾ ਗੁਰੂ ਦੇ ਸੰਗ ਰਹਿ ਕੇ ਹੀ ਸਿੱਖ ਸਕਦਾ ਹੈ। ਸੱਚਾ ਵਿਸ਼ਵਾਸੀ ਹਰ ਵੇਲੇ ਪ੍ਰਭੂ ਦੀ ਹਜ਼ੂਰੀ ਨੂੰ ਭਾਲਦਾ ਹੈ ਕਿ ਉਹ ਸਿੱਖਣ ਵਾਲਾ ਬਣ ਸਕੇ। ਇੱਕ ਵਾਰੀ ਪ੍ਰਭੂ ਜੀ ਨੇ ਆਪਣੇ ਚੇਲਿਆਂ ਨੂੰ ਕੁਝ ਆਤਮਕ ਗੱਲਾਂ ਦੱਸੀਆਂ ਜਿਹੜੀਆਂ ਬੁੱਧ ਨਾਲ ਸਮਝਣੀਆਂ ਔਖੀਆਂ ਸਨ। ਪ੍ਰਭੂ ਜੀ ਨੇ ਆਖਿਆ - "ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਓਹ ਆਤਮਾ ਹਨ ਅਤੇ ਜੀਉਣ ਹਨ।" "ਇਸ ਗੱਲ ਤੋਂ ਉਹ ਦੇ ਚੇਲਿਆਂ ਵਿੱਚੋਂ ਬਹੁਤੇ ਪਿਛਾਹਾਂ ਨੂੰ ਫਿਰ ਗਏ ਅਤੇ ਮੁੜ ਉਹ ਦੇ ਨਾਲ ਨਾ ਚੱਲੇ। ਉਪਰੰਤ ਯਿਸੂ ਨੇ ਉਨ੍ਹਾਂ ਬਾਰਾਂ (ਚੇਲਿਆਂ) ਨੂੰ ਆਖਿਆ, ਕੀ ਤੁਸੀਂ ਵੀ ਜਾਣਾ ਚਾਹੁੰਦੇ ਹੋ ? ਸ਼ਮਊਨ ਪਤਰਸ ਨੇ ਉਹ ਨੂੰ ਉੱਤਰ ਦਿੱਤਾ, ਪ੍ਰਭੂ ਜੀ ਅਸੀਂ ਕਿਹ ਦੇ ਕੋਲ ਜਾਈਏ ? ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ ਅਰ ਅਸਾਂ ਤਾਂ ਨਿਹਚਾ ਕੀਤੀ ਅਤੇ ਜਾਣਿਆ ਹੈ ਕਿ ਤੂੰ ਪਰਮੇਸ਼ੁਰ ਦਾ ਪਵਿੱਤਰ ਪੁਰਖ ਹੈਂ।" (ਇਸ ਘਟਨਾ ਦੇ ਬਾਰੇ ਤੁਸੀਂ ਯੂਹੰਨਾ 6:60-71 ਵਿੱਚ ਪੜ੍ਹ ਸਕਦੇ ਹੋ) ਜਦ ਸਾਰੀ ਗੱਲ ਸਮਝ ਵਿੱਚ ਨਾ ਵੀ ਆਵੇ ਤਾਂ ਵੀ, ਸੱਚਾ ਵਿਸ਼ਵਾਸੀ ਪ੍ਰਭੂ ਯਿਸੂ ਆਪਣੇ ਗੁਰੂ ਨੂੰ ਅੰਤ ਤੋੜੀ ਫੜੀ ਰੱਖਦਾ ਹੈ ਕਿਉਂ ਜੋ ਉਹਨੂੰ ਪਤਾ ਹੈ ਕਿ ਵੇਲੇ ਸਿਰ ਪ੍ਰਭੂ ਸਾਰੀਆਂ ਗੱਲਾ ਸਮਝਾ ਦੇਵੇਗਾ।

ਕੁਝ ਵਿਸ਼ਵਾਸੀ - ਅਨੁਸ਼ਾਸਨ, ਨਿਯੰਤ੍ਰਣ, ਆਗਿਆ ਪਾਲਣ ਕਰਨਾ, ਇਹੋਂ ਜਿਹੇਂ ਸ਼ਬਦ ਸੁਣਕੇ ਡਰ ਜਾਂਦੇ ਹਨ। ਪ੍ਰਭੂ ਨੂੰ ਇਹ ਵੀ ਪਤਾ ਹੈ ਕਿ ਅਸੀਂ ਪਾਪੀ ਅਤੇ ਲੋੜਵੰਦ ਮਨੁੱਖ ਹਾਂ। ਇੱਕ ਪਾਸੇ ਉਹ ਸਾਡਾ ਗੁਰੂ ਹੈ ਤਾਂ ਜੋ ਸਾਨੂੰ ਸਿਖਾਵੇ ਦੂਜੇ ਪਾਸੇ ਉਹ ਸਾਡਾ "ਮਹਾਨ ਪਰਧਾਨ ਜਾਜਕ" ਹੈ। ਸਾਡੇ ਸਾਰੇ ਪਾਪਾਂ, ਪਰਤਾਵਿਆਂ, ਮੋਹ, ਲੋਭ ਅਤੇ ਕਮਜ਼ੋਰੀਆਂ ਦਾ ਵੀ ਪ੍ਰਭੂ ਨੂੰ ਪਤਾ ਹੈ। ਪ੍ਰਭੂ ਯਿਸੂ ਸਾਡੇ ਪਾਪਾਂ ਦਾ ਪਰਾਸਚਿੱਤ ਹੈ - ਦੋਸ਼ੀ ਮੈਂ ਸੀ ਹਰਜਾਨਾ ਉਸ ਨੇ ਚੁਕਾ ਦਿੱਤਾ। ਮੇਰਾ ਪਾਪ ਮਾਫ਼ ਹੋ ਗਿਆ। ਹੁਣ ਪ੍ਰਭੂ ਯਿਸੂ ਸਵਰਗ ਵਿੱਚ ਮੇਰਾ "ਮਹਾਨ ਪਰਧਾਨ ਜਾਜਕ" ਹੋ ਕੇ ਬਿਰਾਜਮਾਨ ਹੈ। ਉਹ ਮੇਰੀ ਹਰ ਦਿਨ ਸਹਾਇਤਾ ਕਰਨਾ ਚਾਹੁੰਦਾ ਹੈ - "ਕਿਉਂਕਿ ਜਦੋਂ ਉਸ ਨੇ ਆਪ ਹੀ ਪਰਤਾਵੇ ਵਿੱਚ ਪੈ ਕੇ ਦੁਖ ਝੱਲਿਆ ਤਾਂ ਉਹ ਓਹਨਾਂ ਦੀ ਜਿਹੜੇ ਪਰਤਾਵੇ ਵਿੱਚ ਪੈਂਦੇ ਹਨ ਸਹਾਇਤਾ ਕਰ ਸੱਕਦਾ ਹੈ।" (ਇਬਰਾਨੀਆਂ 2:18) ਇੱਕ ਪਾਸੇ ਉਹ ਚਾਹੁੰਦਾ ਹੈ ਕਿ ਅਸੀਂ ਆਗਿਆ ਪਾਲਣ ਕਰਨ ਵਾਲੇ ਚੇਲੇ ਬਣੀਏ। ਦੂਜੇ ਪਾਸੇ ਪ੍ਰਭੂ ਨੂੰ ਪਤਾ ਹੈ ਕਿ ਚੇਲਾ ਗੁਰੂ ਨਹੀਂ ਹੈ ਅਤੇ ਸਿੱਖਣ ਵਿੱਚ ਸਮਾਂ ਲਗਦਾ ਹੈ। ਪ੍ਰਭੂ ਜੀ ਨੇ ਆਖਿਆ - "ਮੇਰਾ ਜੂਲਾ (ਪੰਜਾਲੀ) ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆ ਜੀਆਂ ਵਿੱਚ ਅਰਾਮ ਪਾਓਗੇ ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।" (ਮੱਤੀ 11:29-30) ਹਰ ਬੰਦੇ ਦੇ ਪਰਤਾਵੇ ਅਤੇ ਕਮਜ਼ੋਰੀਆਂ ਫਰਕ ਫਰਕ ਹੁੰਦੀਆਂ ਹਨ ਪਰ ਪ੍ਰਭੂ ਯਿਸੂ ਸਾਡਾ ਮਹਾਨ ਪਰਧਾਨ ਜਾਜਕ ਸਾਨੂੰ ਜਾਣਦਾ, ਸਮਝਦਾ ਅਤੇ ਪਿਆਰ ਕਰਦਾ ਹੈ। ਉਹ ਚਾਹੁੰਦਾ ਹੈ ਕਿ ਅਸੀਂ ਪ੍ਰਾਰਥਨਾ ਦੁਆਰਾ ਉਹਨੂੰ ਸਭ ਕੁਝ ਜਾ ਕੇ ਦੱਸੀਏ। ਉਹਦੀ ਕਿਰਪਾ ਅਤੇ ਸਹਾਇਤਾ ਦੁਆਰਾ ਸਾਨੂੰ ਬਲ ਪਰਾਪਤ ਹੋਵੇਗਾ। "ਕਿਉਂ ਜੋ ਸਾਡਾ ਪਰਧਾਨ ਜਾਜਕ (ਪ੍ਰਭੂ ਯਿਸੂ) ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸਕੇ ਸਗੋਂ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ। ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।" (ਇਬਰਾਨੀਆਂ 4:15-16)

ਪ੍ਰਭੂ ਯਿਸੂ ਚਾਹੁੰਦਾ ਹੈ ਕਿ ਉਹ ਆਪਣੇ ਹਰ ਇੱਕ ਵਿਸ਼ਵਾਸੀ ਨੂੰ ਆਤਮਾ ਦੇ ਨਿਯੰਤ੍ਰਣ (ਸੰਜਮ) ਵਿੱਚ ਰਹਿਣਾ ਸਿਖਾ ਸਕੇ। ਉਹ ਸਾਡੀ ਹਰ ਇੱਕ ਦੁਰਬਲਤਾਈ ਨੂੰ ਤਾਕਤ ਵਿੱਚ ਬਦਲਣਾ ਚਾਹੁੰਦਾ ਹੈ। ਜਿਹੜੀਆਂ ਚੀਜ਼ਾਂ ਅਤੇ ਲੋਕ ਸਾਨੂੰ ਮੋਹ ਲੈਂਦੇ ਹਨ, ਜਿਹੜੇ ਡਰ ਸਾਨੂੰ ਸੱਚੇ ਰਾਹ ਤੋਂ ਭਟਕਾ ਦਿੰਦੇ ਹਨ, ਪ੍ਰਭੂ ਸਾਨੂੰ ਉਹਨਾਂ ਉੱਤੇ ਜਿੱਤ ਪਾਉਂਣ ਦਾ ਰਾਹ ਵੀ ਸਿਖਾਉਣਾ ਚਾਹੁੰਦਾ ਹੈ। ਇਸੇ ਲਈ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਦਿੱਤਾ ਗਿਆ ਹੈ। ਪ੍ਰਭੂ ਯਿਸੂ ਨੇ ਆਖਿਆ, "ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ..." (ਯੂਹੰਨਾ 16:13) ਹਰ ਗੱਲ ਵਿੱਚ ਪ੍ਰਭੂ ਦੀ ਅਗਵਾਈ ਮੰਗਣਾ ਕਦੀ ਨਾ ਛੱਡੀਏ। ਪ੍ਰਭੂ ਮਸੀਹ ਦਾ ਆਤਮਾ ਹਰ ਵੇਲੇ ਤੁਹਾਨੂੰ ਬੱਲ ਦੇਵੇਗਾ।

**"ਪ੍ਰਭੂ ਯਹੋਵਾਹ (ਪਰਮੇਸ਼ੁਰ) ਨੇ ਮੈਨੂੰ ਚੇਲਿਆਂ ਦੀ ਜ਼ਬਾਨ ਦਿੱਤੀ,**
**ਭਈ ਮੈਂ ਜਾਣਾ ਕਿ ਹੁੱਸੇ (ਥੱਕੇ) ਹੋਏ ਨੂੰ ਕਿਵੇਂ ਬਚਨ ਨਾਲ ਸਹਾਇਤਾ ਦੇਵਾਂ,**
**ਉਹ ਮੈਨੂੰ ਸਵੇਰੇ ਸਵੇਰੇ ਜਗਾਉਂਦਾ, ਉਹ ਮੇਰੇ ਕੰਨਾ ਨੂੰ ਜਗਾਉਂਦਾ ਹੈ,**
**ਭਈ ਮੈਂ ਚੇਲਿਆਂ ਵਾਂਙੁ ਸੁਣਾ। ਪ੍ਰਭੂ ਯਹੋਵਾਹ (ਪਰਮੇਸ਼ੁਰ ) ਨੇ ਮੇਰੇ ਕੰਨ ਖੋਲ੍ਹੇ, ਤਾਂ**
**ਮੈਂ ਨਾ ਆਕੀ (ਵਿਰੋਧੀ) ਹੋਇਆ ਨਾ ਪਿੱਛੇ ਹਟਿਆ।"**
(ਯਸਾਯਾਹ 50:4-5)

**ਭਰੋਸੇਯੋਗ ਜੀਵਨ**

ਅਸੀਂ ਆਪਣਾ ਬੋਝ ਜਿਹੜੇ ਆਪਣੇ ਹੁੰਦੇ ਹਨ, ਉਨ੍ਹਾਂ ਨੂੰ ਹੀ ਚੁੱਕਣ ਨੂੰ ਆਖਦੇ ਹਾਂ।ਪਰਾਇਆਂ ਉੱਤੇ ਅਸੀਂ ਆਪਣਾ ਭਾਰ ਨਹੀਂ ਪਾਉਂਦੇ।ਪ੍ਰਭੂ ਯਿਸੂ ਆਪਣਿਆਂ ਚੇਲਿਆਂ ਨੂੰ ਆਪਣੇ ਭਰਾ ਕਰਕੇ ਜਾਣਦਾ ਸੀ। ਪ੍ਰਭੂ ਯਿਸੂ ਨੇ ਆਖਿਆ-"ਕੌਣ ਹੈ ਮੇਰੀ ਮਾਤਾ ਅਤੇ ਕੌਣ ਮੇਰੇ ਭਰਾ? ਅਤੇ ਆਪਣੇ ਚੇਲਿਆਂ ਵੱਲ ਆਪਣਾ ਹੱਥ ਪਸਾਰ ਕੇ ਕਿਹਾ, ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ। ਕਿਉਂਕਿ ਜੋ ਕੋਈ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ।" (ਮੱਤੀ 12:48-50) ਆਪਣੇ ਜੀ ਉੱਠਣ ਤੋਂ ਬਾਦ ਪ੍ਰਭੂ ਜੀ ਨੇ ਮਰਿਯਮ ਮਗਦਲੀਨੀ ਨੂੰ ਆਖਿਆ - "...ਮੇਰੇ ਭਰਾਵਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਆਖ ਭਈ ਮੈਂ ਉੱਪਰ ਆਪਣੇ ਪਿਤਾ ਅਰ ਤੁਹਾਡੇ ਪਿਤਾ ਕੋਲ ਅਤੇ ਆਪਣੇ ਪਰਮੇਸ਼ੁਰ ਅਤੇ ਤੁਹਾਡੇ ਪਰਮੇਸ਼ੁਰ ਕੋਲ ਜਾਂਦਾ ਹਾਂ।" (ਯੂਹੰਨਾ 20:17) ਜੇ ਤੁਸੀਂ ਸੱਚੇ ਦਿਲ ਨਾਲ ਪ੍ਰਭੂ ਯਿਸੂ ਉੱਤੇ ਵਿਸ਼ਵਾਸ ਕੀਤਾ ਹੈ ਤਾਂ ਉਹ ਤੁਹਾਡਾ ਆਪਣਾ ਵੱਡਾ ਭਰਾ ਹੈ। ਇਸੇ ਗੱਲ ਨੂੰ ਸਮਝਾਉਂਦੇ ਹੋਏ ਇਬਰਾਨੀਆਂ ਦਾ ਲਿੱਖਣ ਵਾਲਾ ਕਹਿੰਦਾ ਹੈ - "ਕਿਉਂਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਓਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇੱਕ ਤੋਂ ਹੀ ਹਨ। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ।" (ਇਬਰਾਨੀ 2:11) ਤੁਸੀਂ ਪ੍ਰਭੂ ਯਿਸੂ ਦੇ ਆਪਣੇ ਹੋ। ਉਹ ਤੁਹਾਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ। ਉਹ ਪਰਮੇਸ਼ੁਰ ਦਾ "ਇਕਲੌਤਾ" ਪੁੱਤ੍ਰ ਸੀ ਪਰ ਹੁਣ ਪ੍ਰਭੂ ਯਿਸੂ "ਬਹੁਤੇ ਭਰਾਵਾਂ ਵਿੱਚੋਂ ਜੇਠਾ" ਬਣ ਗਿਆ ਹੈ। (ਕ੍ਰਿਪਾ ਕਰਕੇ ਯੂਹੰਨਾ 3:16 ਅਤੇ ਰੋਮੀਆਂ 8:29 ਨੂੰ ਪੜ੍ਹੋ ) ਇਸ ਸੰਸਾਰ ਵਿੱਚ ਭੈਣ ਭਰਾ ਬਰਾਬਰ ਹੋਣ ਕਰ ਕੇ, ਕਦੇ ਕਦੇ ਵੱਡੇ ਛੋਟੇ ਦਾ ਖਿਆਲ ਕੀਤੇ ਬਗੈਰ ਇੱਕ ਦੂਜੇ ਦਾ ਨਿਰਾਦਰ ਕਰਨ ਲੱਗ ਪੈਂਦੇ ਹਨ। ਪ੍ਰਭੂ ਯਿਸੂ ਸਾਡਾ ਕੇਵਲ ਵੱਡਾ ਭਰਾ ਹੀ ਨਹੀਂ ਪਰ **"ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ"** ਹੈ **।** (ਪਰਕਾਸ਼ ਦੀ ਪੋਥੀ 19:16) ਉਹ ਸਾਡਾ ਰਾਜਾ ਹੈ ਅਸੀਂ ਉਹਦੇ ਅੱਗੇ ਮੱਥਾ ਟੇਕਦੇ ਹਾਂ। ਉਹ ਸਾਡਾ ਵੱਡਾ ਭਰਾ ਹੈ, ਅਸੀਂ ਇੱਕੋ ਪਰਿਵਾਰ ਦੇ ਹਾਂ। ਉਹ ਸਾਡਾ ਆਪਣਾ ਹੈ ਅਤੇ ਅਸੀਂ ਉਸਦੇ ਘਰਾਣੇ ਦੇ ਹਾਂ।

ਪ੍ਰਭੁ ਯਿਸੂ ਨੇ ਆਪਣੇ ਹੀ ਲੋਕਾਂ ਨੂੰ ਆਖਿਆ - **"ਮੇਰਾ ਜੂਲਾ (ਪੰਜਾਲੀ) ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆ ਜੀਆਂ ਵਿੱਚ ਅਰਾਮ ਪਾਓਗੇ ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ ।"** (ਮੱਤੀ 11:29-30) ਜਿਹੜੇ ਉਹਦੇ ਆਪਣੇ ਹਨ ਉਨ੍ਹਾਂ ਨੂੰ ਪ੍ਰਭੁ ਜੀ ਦੀ ਪੰਜਾਲੀ ਅਤੇ ਭਾਰ ਹੌਲਾ ਅਤੇ ਹਲਕਾ ਲਗਦਾ ਹੈ। ਭਾਰ ਚੁੱਕਣ ਵਾਲਾ ਜਦੋਂ ਅੰਗ ਸੰਗ ਹੋਵੇ ਤਦ ਭਾਰ ਕਦੀ ਵੀ ਔਖਾ ਨਹੀਂ ਲੱਗਦਾ।

ਪ੍ਰਭੁ ਆਪਣੇ ਘਰ ਦੀਆਂ ਜ਼ਿੰਮੇਦਾਰੀਆਂ ਚੁੱਕਣ ਲਈ ਉਨ੍ਹਾਂ ਨੂੰ ਹੀ ਆਖਦਾ ਹੈ, ਜਿਨ੍ਹਾਂ ਦਾ ਉਹ ਰਾਜਾ ਅਤੇ ਵੱਡਾ ਭਰਾ ਵੀ ਹੈ, । ਪ੍ਰਭੁ ਆਪਣੇ ਬਚਨ ਦੀ ਜ਼ਿਮੇਦਾਰੀ ਉਨ੍ਹਾਂ ਨੂੰ ਸੌਂਪਦਾ ਹੈ ਜੋ ਉਹਦੇ ਆਪਣੇ ਹਨ । "...ਤਦ ਉਹ ਦੇ ਚੇਲੇ ਉਹ ਦੇ ਕੋਲ ਆਏ ਅਤੇ ਉਸ ਨੇ ਆਪਣਾ ਮੂੰਹ ਖੋਲ੍ਹਿਆ ਅਤੇ ਉਨ੍ਹਾਂ ਨੂੰ ਇਹ ਉਪਦੇਸ਼ ਦੇਣ ਲੱਗਾ - ਧੰਨ ਓਹ ਜਿਹੜੇ ਦਿਲ ਦੇ ਗ਼ਰੀਬ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ ।" (ਮੱਤੀ 5:1-3) ਤੁਸੀਂ ਮੱਤੀ 5 ਤੋਂ ਲੈ ਕਿ 7 ਅਧਿਆਇ ਦਾ ਚੰਗੀ ਤਰ੍ਹਾਂ ਅਧਿਐਨ ਕਰਕੇ ਸੁਣੋ ਕਿ ਪ੍ਰਭੁ ਤੁਹਾਨੂੰ ਕੀ ਸਿਖਾਉਂਦਾ ਹੈ। ਪ੍ਰਭੁ ਜੀ ਨੇ ਆਖਿਆ - "ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ ।" (ਮੱਤੀ 24:35) ਪਰਮੇਸ਼ੁਰ ਦੇ ਬਚਨ ਸਾਨੂੰ ਸੌਂਪੇ ਗਏ ਹਨ ਤਾਂ ਜੋ ਅਸੀਂ ਬਚਨ ਨੂੰ ਰੋਜ਼ ਰੋਜ਼ ਪੜ੍ਹੀਏ, ਸੁਣੀਏ ਅਤੇ ਉਨ੍ਹਾਂ ਦਾ ਪਾਲਨ ਕਰੀਏ। ਪ੍ਰਭੁ ਜੀ ਨੇ ਆਖਿਆ ਹੈ- "ਧੰਨ ਉਹ ਜਿਹੜਾ ਇਸ ਅਗੰਮ ਵਾਕ ਦੀਆਂ ਬਾਣੀਆਂ ਨੂੰ ਪੜ੍ਹਦਾ ਹੈ, ਨਾਲੇ ਓਹ ਜਿਹੜੇ ਸੁਣਦੇ ਹਨ ਅਤੇ ਜੋ ਕੁਝ ਇਹ ਦੇ ਵਿੱਚ ਲਿਖਿਆ ਹੋਇਆ ਹੈ ਉਹ ਦੀ ਪਾਲਨਾ ਕਰਦੇ ਹਨ, ਕਿਉਂ ਜੋ ਸਮਾ ਨੇੜੇ ਹੈ ।" (ਪਰਕਾਸ਼ ਦੀ ਪੋਥੀ 1:3) ਸਾਨੂੰ ਬਚਨ ਨੂੰ ਮੂੰਹ ਜ਼ੁਬਾਨੀ ਯਾਦ ਕਰਨਾ ਅਤੇ ਦੂਜਿਆਂ ਨੂੰ ਸਿਖਾਉਣਾ ਵੀ ਚਾਹੀਦਾ ਹੈ। "ਇਨ੍ਹਾਂ ਗੱਲਾਂ ਦਾ ਉੱਦਮ ਕਰ (ਇਨ੍ਹਾਂ ਗੱਲਾਂ ਤੇ ਵਿਚਾਰ ਕਰਦਾ ਰਹਿ)...ਆਪਣੇ ਆਪ ਦੀ ਅਤੇ ਆਪਣੀ ਸਿੱਖਿਆ ਦੀ ਰਾਖੀ ਕਰ। ਇਨ੍ਹਾਂ ਗੱਲਾਂ ਉੱਤੇ ਪੱਕਿਆ ਰਹੁ ...।" (1ਤਿਮੋਥਿਉਸ 4:15-16) ਸਾਨੂੰ ਬਚਨ ਨੂੰ ਸਮਝਣ ਅਤੇ ਸਿਖੱਣ ਲਈ ਹਰ ਦਿਨ ਸਮਾਂ ਦੇਣਾ ਚਾਹੀਦਾ ਹੈ। ਪ੍ਰਭੁ ਦਾ ਸੇਵਕ ਪੌਲੁਸ ਲਿਖਦਾ ਹੈ - "ਭਈ ਤੂੰ ਬਚਨ ਦਾ ਪਰਚਾਰ ਕਰ। ਵੇਲੇ ਕੁਵੇਲੇ ਉਸ ਵਿੱਚ ਲੱਗਿਆ ਰਹੁ। ਪੂਰੀ ਧੀਰਜ ਅਤੇ ਸਿੱਖਿਆ ਨਾਲ ਝਿੜਕ ਦਿਹ, ਤਾੜਨਾ ਅਤੇ ਤਾਗੀਦ ਕਰ। ਕਿਉਂ ਜੋ ਉਹ ਸਮਾ ਆਵੇਗਾ ਜਦੋਂ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ..." (2ਤਿਮੋਥਿਉਸ 4:2-3) ਜਿਹੜੇ ਪ੍ਰਭੁ ਦੇ ਸੇਵਕ ਸੱਚਾ ਬਚਨ ਸਿਖਾਉਣ ਵਿੱਚ ਮਿਹਨਤ ਅਤੇ ਤਿਆਗ ਕਰਦੇ ਹਨ ਉਨ੍ਹਾਂ ਦੀ ਸੰਗਤ ਕਰਨੀ ਅਤੇ ਉਨ੍ਹਾਂ ਦਾ ਦੂਣਾ ਆਦਰ ਕਰਨਾ ਚਾਹੀਦਾ ਹੈ। (ਪੜ੍ਹ ਕੇ ਦੇਖੋ 1ਤਿਮੋਥਿਉਸ 5:17-18)

ਬਾਈਬਲ ਸਿਖਾਉਣ ਵਾਲੇ ਇਹੋ ਜਿਹੇ ਵੀ ਹਨ ਜੋ ਨਵੇਂ ਵਿਸ਼ਵਾਸੀਆਂ ਨੂੰ ਆਪਣੇ ਮਗਰ ਲਾ ਲੈਂਦੇ ਹਨ ਅਤੇ ਝੂਠੀ ਸਿੱਖਿਆ ਦੇ ਕੇ ਭਟਕਾ ਦਿੰਦੇ ਹਨ। ਪ੍ਰਭੁ ਯਿਸੂ ਸਾਡਾ ਆਪਣਾ ਰਾਜਾ ਅਤੇ ਆਪਣਾ ਵੱਡਾ ਭਰਾ ਹੈ, ਸਾਨੂੰ ਕਿਸੇ ਵੀ ਮਨੁੱਖ ਦੇ ਮਗਰ ਨਹੀਂ ਲੱਗਣਾ ਚਾਹੀਦਾ। ਬਚਨ ਨੂੰ ਸਿੱਖਣ ਅਤੇ ਜਾਣਨ ਨਾਲ ਹੀ ਅਸੀਂ ਝੂਠੀ ਸਿਖਿਆ, ਮਕਰ ਅਤੇ ਧੋਖੇ ਨਾਲ ਬਣਾਈਆਂ ਮਨੁੱਖੀ ਚਾਲਾ ਤੋਂ ਬਚਾਏ ਜਾਵਾਂਗੇ। ਪੌਲੁਸ ਆਖਦਾ ਹੈ - " ਹੁਣ ਮੈਂ ਤੁਹਾਨੂੰ ਪਰਮੇਸ਼ੁਰ ਅਰ ਉਹ ਦੀ ਕਿਰਪਾ ਦੇ ਬਚਨ ਦੇ ਸਪੁਰਦ ਕਰਦਾ ਹਾਂ ਜਿਹੜਾ ਤੁਹਾਨੂੰ ਸਿੱਧ ਬਣਾ ਸੱਕਦਾ ਅਤੇ ਤੁਹਾਨੂੰ ਸਰਬਤ ਪਵਿੱਤ੍ਰ ਕੀਤਿਆਂ ਹੋਇਆਂ ਵਿੱਚ ਅਧਿਕਾਰ ਦੇ ਸੱਕਦਾ ਹੈ ।" (ਰਸੂਲਾਂ ਦੇ ਕਰਤਬ 20:32)

ਅਸੀਂ ਪ੍ਰਭੁ ਯਿਸੂ ਦੇ ਪਰਿਵਾਰ (ਕੁਟੰਬ) ਦੇ ਹਾਂ, ਉਹ ਸਾਡਾ ਰਾਜਾ ਅਤੇ ਵੱਡਾ ਭਰਾ ਹੈ। ਪ੍ਰਭੁ ਦੀ ਸੇਵਾ ਕਰਨਾ ਸਾਡਾ ਹੱਕ ਅਤੇ ਵਿਸ਼ੇਸ਼ ਅਧਿਕਾਰ ਹੈ। ਪ੍ਰਭੁ ਜੀ ਨੇ ਆਖਿਆ - "ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹ ਦਾ ਆਦਰ ਕਰੇਗਾ ।" (ਯੂਹੰਨਾ 12:26) ਆਤਮਕ ਜੀਵਨ ਦੀ ਚਾਹ ਅਤੇ ਇੱਛਾ ਰੱਖਣਾ ਚੰਗੀ ਗੱਲ ਹੈ ਪਰ ਸੇਵਾ ਕਰਨ ਦੀ ਜ਼ਿੰਮੇਦਾਰੀ ਚੁੱਕਣ ਨਾਲ ਹੀ ਸਾਡਾ ਅੰਦਰਲਾ ਮਨੁੱਖ ਦਿਨੋ ਦਿਨ ਨਵਾਂ ਅਤੇ ਮਜ਼ਬੂਤ ਹੁੰਦਾ ਹੈ। ਪੌਲੁਸ ਲਿਖਦਾ ਹੈ - "...ਪ੍ਰੇਮ ਦੇ ਰਾਹੀਂ ਇੱਕ ਦੂਏ ਦੀ ਟਹਿਲ ਸੇਵਾ ਕਰੋ...ਤੁਸੀਂ ਇਕ ਦੂਏ ਦੇ

ਭਾਰ ਚੁੱਕ ਲਵੋ...।" (ਗਲਤੀਆਂ 5:13 ਅਤੇ 6:2) ਯੂਹੰਨਾ ਲਿਖਦਾ ਹੈ - "ਹੇ ਬੱਚਿਓ, ਅਸੀਂ ਗੱਲੀ ਅਤੇ ਜਬਾਨੀ ਨਹੀਂ ਸਗੋਂ ਕਰਨੀ ਅਤੇ ਸਚਿਆਈ ਤੋਂ ਪ੍ਰੇਮ ਕਰੀਏ।" (1ਯੂਹੰਨਾ 3:18) ਬਹੁਤ ਸਾਰੇ ਲੋਕ ਬਚਨ ਪ੍ਰਚਾਰ ਦੀ ਸੇਵਾ ਨੂੰ ਹੀ ਸੇਵਾ ਕਹਿੰਦੇ ਹਨ। ਯੂਹੰਨਾ ਬਪਤਿਸਮਾ ਦੇਣ ਵਾਲਾ ਕੈਦ ਵਿੱਚ ਸੀ। ਪ੍ਰਭੂ ਯਿਸੂ ਨੇ ਉਹਦੇ ਚੇਲਿਆਂ ਨੂੰ ਆਖਿਆ, "ਯੂਹੰਨਾ ਨੂੰ ਜਾ ਦੱਸਿਓ ਕਿ ਅੰਨ੍ਹੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ, ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ ਅਤੇ ਗ਼ਰੀਬਾਂ ਨੂੰ ਖ਼ੁਸ਼ ਖ਼ਬਰੀ ਸੁਣਾਈ ਜਾਂਦੀ ਹੈ।" (ਮੱਤੀ 11:4-5) ਜਿਹੜੇ ਸੱਚੀ ਸੇਵਾ ਕਰਦੇ ਹਨ ਪ੍ਰਭੂ ਯਿਸੂ ਨੇ ਉਨ੍ਹਾਂ ਨੂੰ ਇਹ ਆਖਿਆ - "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ।" (ਕ੍ਰਿਪਾ ਕਰਕੇ ਮੱਤੀ 25:31-40 ਜ਼ਰੂਰ ਪੜ੍ਹੋ) ਸੇਵਾ ਦੇ ਬਾਰੇ ਲਿਖਦੇ ਹੋਏ ਪੌਲੁਸ ਆਖਦਾ ਹੈ - "ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ...ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।" (ਕੁਲੁੱਸੀਆਂ 3:23-24) ਅਸੀਂ ਪ੍ਰਭੂ ਮਸੀਹ ਦੇ ਸੇਵਕ ਹਾਂ ਅਤੇ ਉਹ ਸਾਡਾ ਸਵਾਮੀ ਅਤੇ ਰਾਜਾ ਹੈ।

ਤੁਸੀਂ ਆਖੋਗੇ ਮੈਂ ਮਸੀਹ ਦੀ ਸੇਵਾ ਕਿਵੇਂ ਕਰਾਂ ? ਮੈਂ ਕਿਹੜੀ ਸੇਵਾ ਕਰਾਂ ? ਪ੍ਰਭੂ ਨੇ ਆਪਣੇ ਹਰ ਇੱਕ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਦੇ ਦੁਆਰਾ ਸੇਵਾ ਕਰਨ ਦੀ ਦਾਤ (ਸੁਗਾਤ) ਦਿੱਤੀ ਹੈ। ਪ੍ਰਭੂ ਹਰ ਉਸ ਵਿਸ਼ਵਾਸੀ ਨੂੰ ਜਿਹਦੇ ਕੋਲ ਸੇਵਾ ਕਰਨ ਦੀ ਚਾਹ ਅਤੇ ਇੱਛਾ ਹੋਵੇ, ਜ਼ਰੂਰ ਆਪਣੀ ਮਰਜੀ ਦੱਸੇਗਾ। ਤੁਸੀਂ ਇੱਕ "ਨੋਟ ਬੁਕ" ਲੈ ਕੇ - ਰੋਮੀਆਂ 12:1-21; 1ਕੁਰਿੰਥੀਆਂ 12:1-31; ਅਫ਼ਸੀਆਂ 4:1-16; 1ਪਤਰਸ 4:7-11 ਪੜ੍ਹੋ ਅਤੇ ਪ੍ਰਭੂ ਨੇ ਜਿਹੜੀ ਸੇਵਾਵਾਂ ਦਿੱਤੀਆਂ ਹਨ ਉਨ੍ਹਾਂ ਦੀ ਇੱਕ "ਲਿਸਟ" ਬਣਾਉ। ਜਦੋਂ ਤੁਸੀਂ ਰੋਜ਼ਾਨਾ ਬਚਨ ਪੜ੍ਹਦੇ ਹੋ ਉਸ ਵਿੱਚ ਵੀ ਲੱਭਦੇ ਰਹੋ। ਸੇਵਾ ਕਰਨ ਦੀ ਭੁੱਖ ਰੱਖਦੇ ਹੋਏ ਪ੍ਰਭੂ ਕੋਲੋਂ ਮੰਗੋ - "ਹੇ ਪ੍ਰਭੂ ਯਿਸੂ ਮੇਰੇ ਲਈ ਤੂੰ ਕਿਹੜੀ ਸੇਵਾ ਠਹਿਰਾਈ ਹੈ?" ਪ੍ਰਭੂ ਤੁਹਾਨੂੰ ਜ਼ਰੂਰ ਦੱਸੇਗਾ ਅਤੇ ਇੱਕ ਦਿਨ ਆਖੇਗਾ - "...ਹੇ ਚੰਗੇ ਅਤੇ ਮਾਤਬਰ (ਵਫਾਦਾਰ, ਈਮਾਨਦਾਰ) ਚਾਕਰ (ਨੌਕਰ) ਸ਼ਾਬਾਸ਼ੇ! ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ (ਵਫਾਦਾਰ, ਈਮਾਨਦਾਰ) ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ। ਤੂੰ ਆਪਣੇ ਮਾਲਕ ਦੀ ਖ਼ੁਸ਼ੀ ਵਿੱਚ ਦਾਖਿਲ ਹੋ।" (ਮੱਤੀ 25:21)

**"ਮੈਂ ਤੇਰੀਆਂ ਬਿਧੀਆਂ ਵਿੱਚ ਮਗਨ ਰਹਾਂਗਾ, ਮੈਂ ਤੇਰੇ ਬਚਨ ਨੂੰ ਨਹੀਂ ਵਿਸਾਰਾਂਗਾ...**
**ਮੈਂ ਤੇਰਾ ਸੇਵਕ ਹਾਂ, ਮੈਨੂੰ ਸਮਝ ਬਖ਼ਸ਼, ਭਈ ਮੈਂ ਤੇਰੀਆਂ ਸਾਖੀਆਂ ਨੂੰ ਜਾਣਾ।"**
(ਜ਼ਬੂਰਾਂ ਦੀ ਪੋਥੀ 119:16 ਅਤੇ 125)

## ਜੀਵਨ ਦੇ ਗਵਾਹ

ਵਿਸ਼ਵਾਸੀ ਇਸ ਸੰਸਾਰ ਵਿੱਚ ਮਸੀਹ ਦੀ ਖ਼ੁਸ਼ਬੂ (ਸੁਗੰਧ) ਹਨ। ਸਾਡੇ ਦੁਆਰਾ ਹੀ ਲੋਕੀ ਪ੍ਰਭੂ ਯਿਸੂ ਦੇ ਪ੍ਰੇਮ ਦੀ ਸੁਗੰਧ ਨੂੰ ਜਾਣ ਸਕਦੇ ਹਨ। ਜਿਨ੍ਹਾਂ ਨੇ ਪ੍ਰਭੂ ਯਿਸੂ ਨੂੰ ਕਬੂਲ ਕੀਤਾ ਹੈ ਉਹ ਇਸ ਸੰਸਾਰ ਦਾ ਚਾਨਣ ਹਨ। ਤੁਸੀਂ ਹੀ ਪ੍ਰਭੂ ਦੇ ਪ੍ਰਕਾਸ਼ ਨੂੰ ਚਮਕਾ ਸਕਦੇ ਹੋ। ਪ੍ਰਭੂ ਜੀ ਨੇ ਆਖਿਆ ਹੈ - "ਤੁਸੀਂ ਧਰਤੀ ਦਾ ਲੂਣ ਹੋ," (ਮੱਤੀ 5:13) ਵਿਸ਼ਵਾਸੀਆਂ ਦੀ ਸੇਵਾ ਨਾਲ ਹੀ ਲੋਕੀ ਸਲੂਣੇ ਬਣਨਗੇ। ਆਪਣੇ ਜੀ ਉੱਠਣ ਤੋਂ ਬਾਦ ਪ੍ਰਭੂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ -"ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।" (ਰਸੂਲਾਂ ਦੇ ਕਰੱਤਬ 1:8) ਪਵਿੱਤਰ ਆਤਮਾ ਦੀ ਭਰਪੂਰੀ ਸਾਡੇ ਡਰ ਨੂੰ ਦੂਰ ਕਰਦੀ ਹੈ ਅਤੇ ਸਾਨੂੰ ਸ਼ਕਤੀ ਦਿੰਦੀ ਹੈ ਕਿ ਅਸੀਂ ਦਿਲੇਰੀ ਨਾਲ ਮਸੀਹ ਵਿੱਚ ਆਪਣਾ ਅਨੁਭਵ ਦੂਜਿਆਂ ਨਾਲ ਵੰਡ ਸਕਦੇ ਹਾਂ। ਪਤਰਸ ਨੇ ਕਿਹਾ - "ਸਗੋਂ ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ ਅਤੇ ਜਿਹੜੀ ਤੁਹਾਨੂੰ ਆਸ ਹੈ ਤੁਸੀਂ ਹਰੇਕ ਨੂੰ ਜੋ ਤੁਹਾਡੇ ਕੋਲੋਂ ਉਹ ਦਾ ਕਾਰਨ ਪੁੱਛੇ ਉੱਤਰ ਦੇਣ ਨੂੰ ਸਦਾ ਤਿਆਰ ਰਹੋ ਪਰ ਨਰਮਾਈ ਅਤੇ ਭੈ ਨਾਲ।" (1ਪਤਰਸ 3:15)

ਅਸੀਂ ਪ੍ਰਭੂ ਯਿਸੂ ਉੱਤੇ ਵਿਸ਼ਵਾਸ ਕੀਤਾ ਹੈ ਉਸਨੇ ਸਾਨੂੰ ਸਦੀਪਕ ਜੀਵਨ ਦਿੱਤਾ ਹੈ। ਪਵਿੱਤਰ ਆਤਮਾ ਨਾਲ ਸਾਡੇ ਉੱਤੇ ਮੋਹਰ ਲੱਗੀ ਹੈ (ਅਫ਼ਸੀਆਂ 1:13-14 ਪੜ੍ਹ ਕੇ ਦੇਖੋ)। ਪ੍ਰਭੂ ਯਿਸੂ ਨੇ ਸਾਨੂੰ ਆਸ ਦਿੱਤੀ ਹੈ - "ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ...ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ।" (ਯੂਹੰਨਾ 14:3) ਮਸੀਹ ਸਾਡੇ ਜੀਵਨ ਦੀ ਨੀਂਹ ਹੈ ਅਤੇ ਉਹੀ ਸਾਡਾ ਪ੍ਰਭੂ ਅਤੇ ਰਾਜਾ ਹੈ। ਅਸੀਂ ਆਪਣੀ ਇਸ ਆਸ, ਉਮੀਦ ਅਤੇ ਬਰਕਤ ਨੂੰ ਲੁਕਾਉਣਾ ਨਹੀਂ ਪਰ ਦਿਖਾਉਣਾ ਚਾਹੁੰਦੇ ਹਾਂ।ਅਸੀਂ ਇਨ੍ਹਾਂ ਆਤਮਕ ਬਰਕਤਾਂ ਦੇ ਭੰਡਾਰੀ ਹਾਂ, ਸਾਡੀ ਜ਼ਿੰਮੇਦਾਰੀ ਹੈ ਕਿ ਪਰਮੇਸ਼ੁਰ ਦੀ ਦਯਾ ਅਤੇ ਮੁਕਤੀ ਦੀ ਇਹ ਅਸੀਸ ਹਰੇਕ ਨੂੰ ਪ੍ਰਾਪਤ ਹੋ ਸਕੇ।

ਜੇ ਅਸੀਂ ਆਪਣਾ ਉਹ ਸਮਾਂ ਯਾਦ ਕਰੀਏ ਜਦ ਅਸੀਂ ਪ੍ਰਭੂ ਯਿਸੂ ਨੂੰ ਅਨੁਭਵ ਨਾਲ ਨਹੀਂ ਸੀ ਜਾਣਦੇ। ਸਾਡਾ ਦਿਲ ਕਿਹੋ ਜਿਹਾਂ ਸੀ? ਕਿਵੇਂ ਪ੍ਰਭੂ ਦਾ ਬਚਨ ਸਾਡੇ ਕੋਲ ਆਇਆ ਸੀ? ਕੀ ਅਸੀਂ ਝੱਟ ਹੀ ਪ੍ਰਭੂ ਤੇ ਵਿਸ਼ਵਾਸ ਕਰ ਲਿਆ ਸੀ? ਪ੍ਰਭੂ ਦੇ ਸੇਵਕਾਂ ਨੇ ਸਾਡੇ ਨਾਲ ਕਿਤਨਾ ਸਬਰ ਕੀਤਾ ਸੀ? ਜਦ ਅਸੀਂ ਪ੍ਰਭੂ ਨੂੰ ਨਹੀਂ ਸੀ ਜਾਣਦੇ ਸਾਡੀਆਂ ਅੰਦਰ ਦੀਆਂ ਅੱਖਾਂ ਬੰਦ ਸਨ। ਅਨ੍ਹੇਰੇ ਦੇ ਕੰਮ ਸਾਨੂੰ ਚੰਗੇ ਲੱਗਦੇ ਸਨ। ਸ਼ਤਾਨ ਦੀਆਂ ਅਣਡਿਠਿਆਂ ਤਾਕਤਾਂ ਸਾਨੂੰ ਆਪਣੇ ਵੱਸ ਵਿੱਚ ਕਰ ਲੈਂਦੀਆਂ ਸਨ ਅਤੇ ਸਾਨੂੰ ਪਤਾ ਵੀ ਨਹੀਂ ਸੀ ਲੱਗਦਾ ਕਿ ਅਸੀਂ ਕੀ ਕਰਦੇ ਪਏ ਹਾਂ। ਪਾਪਾਂ ਦੀ ਮਾਫੀ ਦੀ ਗੱਲ ਤੇ ਛੱਡੋ, ਪਰ ਪਾਪ ਕੀ ਹੈ, ਇਹਦਾ ਵੀ ਸਾਨੂੰ ਠੀਕ ਠੀਕ ਪਤਾ ਨਹੀਂ ਸੀ। ਪਾਪ ਤਾਂ ਪਰਮੇਸ਼ੁਰ ਦੇ ਹੁਕਮਾਂ ਨੂੰ ਤੋੜਨਾ ਹੈ। ਪਾਪ ਤਾਂ ਪ੍ਰਭੂ ਦੀ ਇੱਛਾ ਨੂੰ ਦੂਰ ਕਰਕੇ ਆਪਣੀ ਹੀ ਇੱਛਾ ਨੂੰ ਪੂਰਾ ਕਰਨਾ ਹੈ। ਭਲਾ ਕਰਨਾ ਜਾਣਦੇ ਹੋਏ ਭਲਾ ਨਾ ਕਰਨਾ ਪਾਪ ਹੈ। (1ਯੂਹੰਨਾ 3:4 ਅਤੇ ਯਾਕੂਬ 4:17 ਪੜ੍ਹ ਕੇ ਦੇਖੋ) ਹੁਣ ਸਾਡੇ ਪਾਪ ਪ੍ਰਭੂ ਯਿਸੂ ਦੇ ਲਹੂ ਨਾਲ ਮਾਫ ਹੋ ਗਏ ਹਨ - ਪ੍ਰਭੂ ਦਾ ਧਨਵਾਦ ਹੋਵੇ - ਪਰ ਜਦ ਅਸੀਂ ਪ੍ਰਭੂ ਯਿਸੂ ਦੇ ਵਿਸ਼ਵਾਸੀ ਨਹੀਂ ਸੀ ਕੀ ਸਾਨੂੰ ਇਨ੍ਹਾਂ ਗੱਲਾਂ ਦੀ ਫਿਕਰ ਸੀ? ਹੁਣ ਪ੍ਰਭੂ ਯਿਸੂ ਸਾਡਾ ਮੁਕਤੀਦਾਤਾ, ਪਰਧਾਨ ਜਾਜਕ, ਵੱਡਾ ਭਰਾ ਅਤੇ ਰਾਜਾ ਹੈ, ਇਹ ਸਾਡੇ ਕਿਸੇ ਚੰਗੇ ਕੰਮਾ ਦੇ ਕਾਰਨ ਨਹੀਂ ਹੈ ਸਗੋਂ ਜਿਵੇਂ ਪੌਲੁਸ ਲਿਖਦਾ ਹੈ - "ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾ'ਲ ਪ੍ਰੇਮ ਕੀਤਾ ਜਦੋ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)।" (ਅਫ਼ਸੀਆਂ 2:4-5) ਦੂਜਿਆਂ ਨੂੰ ਗਵਾਹੀ ਦੇਣ ਦੇ ਸਮੇਂ ਜੇ ਅਸੀਂ ਇਹ ਯਾਦ ਰੱਖੀਏ ਕਿ ਪ੍ਰਭੂ ਸਾਨੂੰ ਕਿੱਥੋਂ ਕੱਢ ਕੇ ਲੈ ਆਇਆ ਹੈ ਤਾਂ ਅਸੀਂ ਨਰਮਾਈ ਪ੍ਰੇਮ ਅਤੇ ਸਬਰ ਨਾਲ ਮਸੀਹ ਦੀ ਸੇਵਾ ਕਰਾਂਗੇ। ਸਾਡੀ ਸੇਵਾ ਨੂੰ ਪ੍ਰਭੂ ਫਲਦਾਰ ਕਰੇਗਾ ਅਤੇ ਸਾਡਾ ਫਲ ਕਾਇਮ ਰਹੇਗਾ।

## ਜੀਵਨ ਨੂੰ ਦੂਜਿਆਂ ਨਾਲ ਵੰਡਣਾ

1-ਜੀਵਨ ਬੋਲ ਪਵੇ - ਪ੍ਰਭੂ ਯਿਸੂ ਨੇ ਆਖਿਆ, "...ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ।" ਪਤਰਸ ਨੇ ਕਿਹਾ, "ਕਿਉਂ ਜੋ ਪਰਮੇਸ਼ੁਰ ਦੀ ਇੱਛਿਆ ਇਉਂ ਹੈ ਭਈ ਤੁਸੀਂ ਸੁਕਰਮ (ਭਲੇ ਕੰਮ) ਕਰ ਕੇ ਮੂਰਖ ਲੋਕਾਂ ਦੀ ਅਗਿਆਨਤਾ ਦਾ ਮੂੰਹ ਬੰਦ ਕਰ ਦਿਓ।" (ਮੱਤੀ 5:16 ਅਤੇ 1ਪਤਰਸ 2:15)

2-ਜੀਵਨ ਨੂੰ ਵੰਡਣ ਲਈ ਅਵਸਰ (ਮੌਕੇ) ਦੀ ਭਾਲ ਵਿੱਚ ਲੱਗੇ ਰਹਿਣਾ - "ਤਦ ਸਾਮਰਿਯਾ ਦੀ ਇੱਕ ਤੀਵੀਂ ਪਾਣੀ ਭਰਨੇ ਆਈ। ਯਿਸੂ ਨੇ ਉਹ ਨੂੰ ਆਖਿਆ, ਮੈਨੂੰ ਜਲ (ਪਾਣੀ) ਪਿਆ" (ਤੁਸੀਂ ਇਸ ਘਟਨਾ ਦੇ ਬਾਰੇ ਯੂਹੰਨਾ 4:1-26 ਵਿੱਚ ਪੂਰਾ ਪੜ੍ਹ ਸਕਦੇ ਹੋ) ਪ੍ਰਭੂ ਯਿਸੂ ਨੇ ਆਪੇ ਹੀ ਮੌਕਾ ਲੱਭ ਕੇ ਉਸ ਤੀਵੀਂ ਨਾਲ ਗੱਲ ਸ਼ੁਰੂ ਕੀਤੀ, ਜੇ ਉਹ ਆਪ ਪਾਣੀ ਨਾ ਮੰਗਦਾ ਅਤੇ ਪਹਿਲ ਨਾ ਕਰਦਾ ਤਾਂ ਕੀ ਉਸ ਤੀਂਵੀਂ ਦਾ ਆਤਮਕ ਭਲਾ ਹੋਣਾ ਸੀ ? ਸਦਾ ਪ੍ਰਾਰਥਨਾ ਵਿੱਚ ਲੱਗੇ ਰਹਿਣਾ ਚਾਹੀਦਾ ਹੈ ਕਿ ਪ੍ਰਭੂ ਸਾਨੂੰ ਦੂਜਿਆਂ ਨਾਲ ਜੀਵਨ ਦੀਆਂ ਗੱਲਾਂ ਵੰਡਣ ਦਾ ਮੌਕਾ ਦੇਵੇ।

3-ਬੰਦਿਆਂ ਦੇ ਡਰ ਤੋਂ ਜਿੱਤ ਪਾਉਣ ਲਈ ਪ੍ਰਾਰਥਨਾ ਦੁਆਰਾ ਪਵਿੱਤਰ ਆਤਮਾ ਉੱਤੇ ਭਰੋਸਾ ਕਰਨਾ ਚਾਹੀਦਾ ਹੈ - "ਪ੍ਰਭੂ ਨੇ ਰਾਤ ਦੇ ਵੇਲੇ ਪੌਲੁਸ ਨੂੰ ਦਰਸ਼ਣ ਦੇ ਕੇ ਕਿਹਾ, ਨਾ ਡਰ ਸਗੋਂ ਬੋਲੀ ਜਾਹ ਅਤੇ ਚੁੱਪ ਨਾ ਰਹੁ।" (ਰਸੂਲਾਂ ਦੇ ਕਰਤੱਬ 18:9) ਜਿਨ੍ਹਾਂ ਬੰਦਿਆਂ ਤੋਂ ਡਰ ਲੱਗਦਾ ਹੋਵੇ ਉਨ੍ਹਾਂ ਦੇ ਬਾਰੇ ਆਪਣੀ

ਆਤਮਾ ਵਿੱਚ ਪ੍ਰਭੂ ਤੋਂ  ਬੁੱਧ, ਸਹਾਇਤਾ, ਸ਼ਕਤੀ ਅਤੇ ਸਮਝ ਪਾ ਕੇ ਬੋਲਣਾ ਚਾਹੀਦਾ ਹੈ ।"ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ ।" (ਰਸੂਲਾਂ ਦੇ ਕਰਤੱਬ 1:8)

4-ਪ੍ਰਭੂ ਦੀ ਅਵਾਜ਼ ਸੁਣਨ ਦਾ ਅਭਿਆਸ ਪਾਉਣਾ ਚਾਹੀਦਾ ਹੈ ਤਾਂ ਜੋ ਸਾਡਾ ਹਰ ਕਦਮ ਪ੍ਰਭੂ ਦੀ ਮਰਜ਼ੀ ਵਿੱਚ ਹੋਵੇ - "ਪਰ ਤੂੰ ਉੱਠ ਅਤੇ ਹੇਠਾਂ ਜਾਹ ਅਰ ਨਿਸੰਗ ਉਨ੍ਹਾਂ ਦੇ ਨਾਲ ਤੁਰ ਪਉ ਕਿਉਂ ਜੋ ਉਨ੍ਹਾਂ ਨੂੰ ਮੈਂ ਭੇਜਿਆ ਹੈ ।" (ਰਸੂਲਾ ਦੇ ਕਰਤੱਬ 10:20 ਤੁਸੀਂ ਇਸ ਘਟਨਾ ਨੂੰ ਸਮਝਣ ਲਈ ਪੂਰਾ ਦਸਵਾਂ ਅਧਿਆਇ ਪੜ੍ਹੋ)

5-ਉਹ ਗੱਲਾਂ ਜਿਹੜੀਆਂ ਮੁਕਤੀ ਅਤੇ ਨਵੇਂ ਜੀਵਨ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ ਇਨ੍ਹਾਂ ਨੂੰ ਮੈਂ ਲਗਾਤਾਰ ਸੁਣਾਈ ਜਾਵਾਂ ।

*ਅਸੀਂ ਸਾਰੇ ਪਾਪੀ ਹਾਂ - "ਸਾਰੇ ਪਾਪ ਦੇ ਹੇਠ ਹਨ...ਕੋਈ ਧਰਮੀ ਨਹੀਂ, ਇੱਕ ਵੀ ਨਹੀਂ...ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ ।" ਰੋਮੀਆਂ 3:9-11ਅਤੇ 23

*ਪ੍ਰਭੂ ਯਿਸੂ ਸਾਡੇ ਪਾਪਾਂ ਦਾ ਪਰਾਸਚਿੱਤ ਹੋ ਗਿਆ - ਪਾਪੀ ਮੈਂ ਹਾਂ ਪਰ ਦੰਡ ਪ੍ਰਭੂ ਨੇ ਉਠਾ ਲਿਆ - "ਮਸੀਹ ...ਸਾਡਿਆਂ ਪਾਪਾਂ ਦੇ ਕਾਰਨ ਮੋਇਆ ਅਤੇ ਇਹ ਕੇ ਦੱਬਿਆ ਗਿਆ ਅਤੇ ਇਹ ਕਿ...ਤੀਜੇ ਦਿਹਾੜੇ ਜੀ ਉੱਠਿਆ ।" 1ਕੁਰਿੰਥੀਆਂ 15:3-4

*ਪਾਪਾਂ ਦੀ ਮਾਫ਼ੀ ਲਈ ਤੋਬਾ ਕਰਨ ਦੀ ਲੋੜ ਹੈ - "ਇਸ ਲਈ ਤੋਬਾ ਕਰੋ ਅਤੇ ਮੁੜੋ ਭਈ ਤੁਹਾਡੇ ਪਾਪ  ਮਿਟਾਏ ਜਾਣ ਤਾਂ ਜੋ ਪ੍ਰਭੂ ਦੇ ਹਜ਼ੂਰੋਂ  ਸੁਖ ਦੇ ਦਿਨ ਆਉਣ ।" ਰਸੂਲਾਂ ਦੇ ਕਰਤੱਬ 3:19

*ਪ੍ਰਭੂ ਯਿਸੂ ਉੱਤੇ ਆਪਣੇ ਹਿਰਦੇ ਨਾਲ ਵਿਸ਼ਵਾਸ  ਕਰਨ ਦੀ ਲੋੜ ਹੈ - "ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ ।"
ਰਸੂਲਾਂ ਦੇ ਕਰਤੱਬ 16:31

*ਪ੍ਰਭੂ ਯਿਸੂ ਨੂੰ ਪ੍ਰਾਰਥਨਾ ਦੁਆਰਾ ਆਪਣੇ ਦਿਲ ਵਿੱਚ ਸੱਦਾ ਦੇਣ ਦੀ ਲੋੜ ਹੈ - "ਵੇਖ, ਮੈਂ ਬੂਹੇ ਉੱਤੇ ਖਲੋਤਾ ਅਤੇ ਖੜਕਾਉਂਦਾ ਹਾਂ ।" ਪ੍ਰਭੂ ਯਿਸੂ ਨੇ ਆਖਿਆ, "ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ ਉਹ ਦੇ ਕੋਲ ਅੰਦਰ ਜਾਵਾਂਗਾ ਅਤੇ ਉਹ ਦੇ ਨਾਲ ਪਰਸ਼ਾਦ ਛਕਾਂਗਾ (ਭੋਜਨ ਕਰਾਂਗਾ) ਅਤੇ ਉਹ ਮੇਰੇ ਨਾਲ ਛੱਕੇਗਾ ।" "...ਹੇ ਪ੍ਰਭੂ ਯਿਸੂ ਆਓ ।" ਪਰਕਾਸ਼ ਦੀ ਪੋਥੀ 3:20 ਅਤੇ 22:20

*ਪ੍ਰਭੂ ਯਿਸੂ ਦਾ ਧੰਨਬਾਦ ਕਰਨਾ ਅਤੇ ਉਨ੍ਹਾਂ ਨੂੰ ਹੀ ਮੱਥਾ ਟੇਕਣਾ - "...ਤੁਸੀਂ ਧੰਨਵਾਦ ਕਰਿਆ ਕਰੋ । ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ  ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪਰਮੇਸ਼ੁਰ ਨੂੰ ਆਪਣਿਆਂ ਮਨਾਂ ਵਿੱਚ ਗਾਇਆ ਕਰੋ ।"  "ਅਤੇ ਮੂੰਹ ਦੇ ਭਾਰ ਉਹ ਦੇ ਪੈਰੀਂ ਪੈ ਕੇ ਉਹ ਦਾ ਸ਼ੁਕਰ ਕੀਤਾ ।"
ਕੁਲੱਸੀਆਂ 3:15-16 ਅਤੇ ਲੂਕਾ 17:16

*ਪ੍ਰਭੂ ਯਿਸੂ ਦੇ ਵਿਸ਼ਵਾਸੀਆਂ ਨਾਲ ਮਿਲ ਕੇ ਸਿੱਖਿਆ ਅਤੇ ਸੰਗਤ ਵਿੱਚ ਲੱਗੇ ਰਹਿਣ ਦੀ ਵੀ ਲੋੜ ਹੈ - "ਅਤੇ ਓਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿੱਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿੱਚ ਲੱਗੇ ਰਹੇ ।" ਰਸੂਲਾਂ ਦੇ ਕਰਤੱਬ 2:42

*ਪ੍ਰਭੂ ਯਿਸੂ ਮਸੀਹ ਹੀ ਮੇਰਾ ਮੁਕਤੀਦਾਤਾ ਹੈ, ਇਸ ਗੱਲ ਦਾ ਆਪਣੇ ਬੁਲ੍ਹਾਂ ਨਾਲ ਇਕਰਾਰ ਕਰਨਾ - ਪ੍ਰਭੂ ਯਿਸੂ ਨੇ ਕਿਹਾ - " ਮੈਂ ਤੁਹਾਨੂੰ ਆਖਦਾ ਹਾਂ ਭਈ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇ ਮਨੁੱਖ ਦਾ ਪੁੱਤ੍ਰ ਵੀ ਪਰਮੇਸ਼ੁਰ ਦੇ ਦੂਤਾਂ ਅੱਗੇ ਉਹ ਦਾ ਇਕਰਾਰ ਕਰੇਗਾ ।" (ਲੂਕਾ 12:9) ਪੌਲੁਸ ਨੇ ਆਖਿਆ - "ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ (ਮੁਕਤੀ ਪਾਵੇਂਗਾ) ।" (ਰੋਮੀਆਂ 10:9)

ਜਿਨ੍ਹਾਂ ਨੂੰ ਇਹ ਜੀਵਨ ਪ੍ਰਾਪਤ ਨਹੀਂ ਹੋਇਆ ਭਾਵੇਂ ਉਹ ਸਾਡੇ ਘਰਾਣੇ ਦੇ ਹੋਣ ਜਾ ਬਾਹਰਲੇ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਵੀ ਇਹ ਜੀਵਨ ਪ੍ਰਾਪਤ ਹੋਵੇ। ਜਦ ਕੋਈ ਪ੍ਰਭੂ ਯਿਸੂ ਦੇ ਜੀਵਨ ਨੂੰ ਸਵੀਕਾਰ ਕਰ ਲੈਂਦਾ ਹੈ, ਤਦ ਵੀ ਸਾਡੀ ਇਹ ਸੇਵਾ ਖਤਮ ਨਹੀਂ ਹੁੰਦੀ। ਸਾਡੀ ਜਿੰਮੇਦਾਰੀ ਇਹ ਹੈ ਕਿ ਉਹ ਇਹ ਸਾਰੀਆਂ ਗੱਲਾਂ ਸਿੱਖ ਲੈਣ ਅਤੇ ਦੂਜਿਆਂ ਨੂੰ ਵੀ ਸਿਖਾਉਣ ਜੋਗ ਬਣ ਜਾਣ। ਵਫਾਦਾਰੀ ਨਾਲ ਸਾਨੂੰ ਪ੍ਰਾਰਥਨਾ ਕਰਨ ਦੀ ਲੋੜ ਹੈ ਤਾਂ ਕਿ ਜੋ ਕੰਮ ਪ੍ਰਭੂ ਨੇ ਸ਼ੁਰੂ ਕੀਤਾ ਹੈ, ਉਹ ਉਸਨੂੰ ਹਰ ਇੱਕ ਵਿਸ਼ਵਾਸੀ ਦੇ ਅੰਦਰ ਪੂਰਾ ਕਰੇ।

**"ਜਿਹੜੇ ਅੰਝੂਆਂ ਨਾਲ ਬੀਜਦੇ ਹਨ, ਓਹ ਜੈਕਾਰਿਆਂ ਨਾਲ ਵੱਢਣਗੇ।**
**ਜਿਹੜਾ ਬੀਜਣ ਲਈ ਬੀ ਚੁੱਕ ਕੇ ਰੋਂਦਿਆਂ ਜਾਂਦਾ ਹੈ,**
**ਉਹ ਜ਼ਰੂਰ ਜੈਕਾਰਿਆਂ ਨਾਲ ਭਰੀਆਂ ਚੁੱਕ ਕੇ ਆਵੇਗਾ।"**
(ਜ਼ਬੂਰਾਂ ਦੀ ਪੋਥੀ 126:5-6)

## ਵਿਚਾਰਸ਼ੀਲ ਜੀਵਨ

ਪਰਮੇਸ਼ੁਰ ਦਾ ਇੱਕ ਨਾਮ ਹੈ - ਸਰਬਗਿਆਤਾ ਪਰਮੇਸ਼ੁਰ (ਸਰਬਗਿਆਨੀ ਪਰਮੇਸ਼ੁਰ) ਜਿਹਦੇ ਗਿਆਨ ਅਤੇ ਬੁੱਧ ਦਾ ਕੋਈ ਅੰਤ ਨਹੀਂ ਹੈ। ਪਰਮੇਸ਼ੁਰ ਨੇ ਜਦ ਪ੍ਰਭੂ ਦੇ ਸੇਵਕ ਦਾਨੀਏਲ ਉੱਤੇ ਰਾਜਾ ਦੇ ਸੁਫ਼ਨੇ ਦਾ ਭੇਦ ਖੋਲ੍ਹ ਦਿੱਤਾ ਤਦ ਇਨ੍ਹਾਂ ਸ਼ਬਦਾਂ ਵਿੱਚ ਦਾਨੀਏਲ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ - "ਪਰਮੇਸ਼ੁਰ ਦਾ ਨਾਮ ਸਦਾ ਤਾਈਂ ਮੁਬਾਰਕ ਹੋਵੇ, ਕਿਉਂ ਜੋ ਬੁੱਧ ਤੇ ਸ਼ਕਤੀ ਉਸ ਦੀ ਹੈ! ਉਹੀ ਸਮਿਆਂ ਤੇ ਵੇਲਿਆਂ ਨੂੰ ਬਦਲਦਾ ਹੈ, ਉਹੀ ਰਾਜਿਆਂ ਨੂੰ ਹਟਾਉਂਦਾ ਤੇ ਅਸਥਾਪਦਾ ਹੈ, ਉਹੀ ਬੁੱਧਵਾਨਾਂ ਨੂੰ ਬੁੱਧ ਤੇ ਗਿਆਨੀਆਂ ਨੂੰ ਗਿਆਨ ਦਿੰਦਾ ਹੈ। ਉਹੀ ਡੂੰਘੀਆਂ ਤੇ ਛਿਪੀਆਂ ਹੋਈਆਂ ਗੱਲਾਂ ਨੂੰ ਪਰਗਟ ਕਰਦਾ ਹੈ, ਅਤੇ ਜੋ ਕੁਝ ਅਨ੍ਹੇਰੇ ਵਿੱਚ ਹੈ ਉਹ ਨੂੰ ਜਾਣਦਾ ਹੈ, ਅਤੇ ਚਾਨਣ ਉਸੇ ਦੇ ਨਾਲ ਵੱਸਦਾ ਹੈ। ਮੈਂ ਤੇਰਾ ਸ਼ੁਕਰ ਤੇ ਉਸਤਤ ਕਰਦਾ ਹਾਂ, ਹੇ ਮੇਰੇ ਪਿਉ ਦਾਦਿਆਂ ਦੇ ਪਰਮੇਸ਼ੁਰ, ਜਿਹ ਨੇ ਮੈਨੂੰ ਬੁੱਧ ਤੇ ਸ਼ਕਤੀ ਦਿੱਤੀ, ਅਤੇ ਜੋ ਕੁਝ ਅਸਾਂ ਤੈਥੋਂ ਮੰਗਿਆ ਤੈਂ ਮੇਰੇ ਉੱਤੇ ਪਰਗਟ ਕੀਤਾ, ਕਿਉਂ ਜੋ ਤੈਂ ਰਾਜੇ ਦੀ ਗੱਲ ਸਾਡੇ ਉੱਤੇ ਪਰਗਟ ਕੀਤੀ ਹੈ!" (ਦਾਨੀਏਲ 2:20-23) ਪਰਕਾਸ਼ ਦੀ ਪੋਥੀ 2:23 ਵਿੱਚ ਪ੍ਰਭੂ ਯਿਸੂ ਨੇ ਆਖਿਆ - "...ਅਤੇ ਸਾਰੀਆਂ ਕਲੀਸਿਯਾਂ (ਸੰਗਤ) ਜਾਣ ਲੈਣਗੀਆਂ ਜੋ ਗੁਰਦਿਆਂ (ਮਨੁੱਖਾਂ ਦੇ ਦਿਲਾਂ) ਅਤੇ ਹਿਰਦਿਆਂ ਦਾ ਜਾਚਣ ਵਾਲਾ ਮੈਂ ਹੀ ਹਾਂ...।" ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਵਿਚਾਰਸ਼ੀਲ ਬਣੀਏ। ਸਾਡੀਆਂ ਆਪਣੀਆਂ ਸੋਚਾਂ ਹੀ ਸਾਡੇ ਲਈ ਦੁਖਾਂ ਦਾ ਕਾਰਨ ਬਣ ਜਾਂਦੀਆਂ ਹਨ। ਸਾਡਾ ਮਨ ਆਪਣੀਆਂ ਹੀ ਸੋਚਾਂ ਵਿੱਚ ਲੱਗਾ ਰਹਿੰਦਾ ਹੈ, ਅਸੀਂ ਆਪਣੇ ਹੀ ਇਰਾਦਿਆਂ ਨਾਲ ਆਪਣੇ ਜੀਵਨ ਦੇ ਰਾਹ ਤੇ ਤੁਰੀ ਜਾਂਦੇ ਹਾਂ। ਪਰਮੇਸ਼ੁਰ ਆਖਦਾ ਹੈ - "ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ (ਪਰਮੇਸ਼ੁਰ ) ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।" (ਯਸਾਯਾਹ 55:8-9) ਆਤਮਕ ਜੀਵਨ ਦਾ ਵਿਕਾਸ (ਵਾਧਾ) ਪਰਮੇਸ਼ੁਰ ਦੇ ਖਿਆਲ ਅਤੇ ਪਰਮੇਸ਼ੁਰ ਦੇ ਰਾਹਾਂ ਨੂੰ ਸੁਣਨ ਸਮਝਣ ਅਤੇ ਉਨ੍ਹਾਂ ਉੱਤੇ ਚੱਲਣ ਨਾਲ ਹੁੰਦਾ ਹੈ ਇਸ ਲਈ ਸਾਨੂੰ ਸੋਚ - ਵਿਚਾਰ ਅਤੇ ਧਿਆਨ ਕਰਨ ਵਾਲੇ ਬੰਦੇ ਬਣਨਾ ਪਵੇਗਾ।

ਅਸੀਂ ਆਪਣਾ ਜੀਵਨ ਕਈ ਹਿਸਿੱਆਂ ਵਿੱਚ ਵੰਡ ਲੈਂਦੇ ਹਾਂ। ਸ਼ਖਸੀ (ਨਿਜੀ - ਵਿਅਕਤੀਗਤ) ਜੀਵਨ - ਉਹ ਗੱਲਾਂ ਅਤੇ ਕੰਮ ਜਿਨ੍ਹਾਂ ਦਾ ਸੰਬਧ ਕੇਵਲ ਸਾਡੇ ਆਪਣੇ ਜੀਵਨ ਦੇ ਨਾਲ ਹੀ ਹੈ। ਸਾਡੇ ਜੀਵਨ ਦਾ ਉਹ ਹਿੱਸਾ ਵੀ ਹੈ ਜਿਹੜਾ ਸਾਡੇ ਘਰ ਅਤੇ ਪਰੀਵਾਰ ਦੇ ਲੋਕਾਂ ਨਾਲ ਜੁੜਿਆ ਹੋਇਆ ਹੈ। ਫਿਰ ਜਿੱਥੇ ਅਸੀਂ ਪੜ੍ਹਨ ਜਾਂਦੇ ਹਾਂ ਯਾ ਕੰਮ ਕਰਨ ਜਾਂਦੇ ਹਾਂ। ਜਿੱਥੇ ਅਸੀਂ ਆਤਮਕ ਸੰਗਤ ਲਈ ਜਾਂਦੇ ਹਾਂ। ਫਿਰ ਸਾਡੇ ਜੀਵਨ ਦਾ ਇੱਕ ਹੋਰ ਹਿੱਸਾ ਹੈ ਜੋ ਹਰ ਵੇਲੇ ਭਵਿੱਖ ਲਈ ਕੁਝ ਲੱਭਦਾ ਪਿਆ ਹੈ, ਇਹਦੇ ਵਿੱਚ ਬਹੁਤ ਕੁਝ ਹੋ ਸਕਦਾ ਹੈ। ਕੁਝ ਲੋਕਾਂ ਨਾਲ ਤਾਂ ਅਸੀਂ ਰਸਮੀ ਤੌਰ ਨਾਲ ਜੁੜੇ ਹੁੰਦੇ ਹਾਂ ਅਤੇ ਕੁਝ ਨਾਲ

ਅਸਲੀ ਤੌਰ ਤੇ। ਕੁਝ ਲੋਕਾਂ ਨਾਲ ਅਸੀਂ ਜੁੜੇ ਹਾਂ ਪਰ ਦੁਖੀ ਹਾਂ ਅਤੇ ਛੁੱਟ ਵੀ ਨਹੀਂ ਸਕਦੇ। ਕੁਝ ਲੋਕਾਂ ਨਾਲ ਜੁੜਨਾ ਚਾਹੁੰਦੇ ਹਾ ਪਰ ਜੁੜ ਨਹੀਂ ਪਾਉਂਦੇ। ਸਾਡਾ ਪਿਤਾ ਪਰਮੇਸ਼ੁਰ ਸਾਡੇ ਜੀਵਨ ਦੀ ਹਰ ਗੱਲ ਵਿੱਚ ਸਾਨੂੰ ਆਪਣੇ ਵਿਚਾਰ ਦੱਸਣਾ ਚਾਹੁੰਦਾ ਹੈ - "ਹੇ ਯਹੋਵਾਹ (ਪਰਮੇਸ਼ੁਰ), ਤੇਰੇ ਕੰਮ ਕਿੰਨੇ ਵੱਡੇ ਹਨ! ਤੇਰੇ ਖਿਆਲ (ਵਿਚਾਰ) ਬਹੁਤ ਹੀ ਡੂੰਘੇ ਹਨ! ਹੇ ਪਰਮੇਸ਼ੁਰ, ਤੇਰੇ ਵਿਚਾਰ ਮੇਰੇ ਲਈ ਕੇਡੇ ਬਹੁਮੁੱਲੇ ਹਨ, ਉਨ੍ਹਾਂ ਦਾ ਜੋੜ ਕੇਡਾ ਵੱਡਾ ਹੈ! ਜੇ ਮੈਂ ਉਨ੍ਹਾਂ ਨੂੰ ਗਿਣਾ, ਓਹ ਰੇਤ ਦੇ ਦਾਣਿਆਂ ਨਾਲੋਂ ਵੀ ਵੱਧ ਹਨ..." (ਜ਼ਬੂਰਾ ਦੀ ਪੋਥੀ 92:5 ਅਤੇ 139:17) ਪ੍ਰਭੂ ਦੀ ਸਾਫ਼ ਅਤੇ ਸਪਸ਼ਟ ਅਵਾਜ਼ ਨੂੰ ਸੁਣਨ, ਸਮਝਣ ਅਤੇ ਉਹਦੀ ਆਗਿਆ ਪਾਲਨ ਕਰਨ ਦੇ ਰਾਹ ਉੱਤੇ ਚਲਣਾ ਸਿੱਖਣਾ ਪੈਂਦਾ ਹੈ। ਮੀਕਾਹ ਨਬੀ ਨੇ ਆਖਿਆ ਸੀ - "ਪਰ ਓਹ ਯਹੋਵਾਹ (ਪਰਮੇਸ਼ੁਰ) ਦੀਆਂ ਸੋਚਾਂ ਨਹੀਂ ਜਾਣਦੇ, ਨਾ ਉਹ ਦੀ ਸਲਾਹ ਸਮਝਦੇ ਹਨ..." (ਮੀਕਾਹ 4:12)

ਕਿਉਂ ਜੋ ਅਸੀਂ ਪਰਮੇਸ਼ੁਰ ਦੇ ਪੁੱਤ੍ਰ ਅਤੇ ਧੀਆਂ ਹਾਂ ਇਸ ਲਈ ਸਾਨੂੰ ਇਸ ਜੀਵਨ ਦੀ ਹਰ ਗੱਲ ਅਤੇ ਹਰ ਰਿਸ਼ਤੇ ਲਈ ਪਰਮੇਸ਼ੁਰ ਦੀ ਸਮਝ ਅਤੇ ਸਲਾਹ ਨੂੰ ਢੂੰਡਣਾ ਹੈ। ਸਾਨੂੰ ਕੁਝ ਆਦਤਾਂ ਪੈ ਜਾਂਦੀਆਂ ਹਨ ਫਿਰ ਇਹ ਆਦਤਾਂ ਸਾਡਾ ਸੁਭਾਓ ਬਣ ਜਾਂਦਿਆਂ ਹਨ। ਅਸੀਂ ਇਹ ਆਸ ਰੱਖਣ ਲੱਗ ਪੈਂਦੇ ਹਾਂ ਕਿ ਹਰ ਇੱਕ ਜੋ ਸਾਡੇ ਨਾਲ ਹਿਤ ਅਤੇ ਪ੍ਰੇਮ ਕਰਦਾ ਹੈ ਉਹ ਸਾਡੀਆਂ ਆਦਤਾਂ ਅਤੇ ਸੁਭਾਅ ਨਾਲ ਸਮਝੌਤਾ ਕਰਦਾ ਰਹੇ। ਪਰਮੇਸ਼ੁਰ ਸਾਡੀਆਂ ਆਦਤਾਂ ਅਤੇ ਸਾਡੇ ਸੁਭਾਓ ਨੂੰ ਆਪਣੇ ਵਿਚਾਰ, ਸਮਝ ਅਤੇ ਸਲਾਹ ਨਾਲ ਬਦਲਣਾ ਚਾਹੁੰਦਾ ਹੈ। ਪਰ ਉਹ ਇਹ ਕੰਮ ਸਾਡੀ ਇੱਛਾ ਤੋਂ ਬਗੈਰ ਨਹੀਂ ਕਰ ਸਕਦਾ। ਪ੍ਰੇਮ ਕਿਸੇ ਦੀ ਆਦਤ ਅਤੇ ਸੁਭਾਓ ਨਾਲ ਸਮਝੌਤਾ ਕਰਨਾ ਨਹੀਂ ਹੈ ਸਗੋਂ ਸਾਨੂੰ ਚੰਗੀਆਂ ਆਦਤਾਂ ਸਿਖਾਉਣਾ ਅਤੇ ਸਾਡੇ ਸੁਭਾਓ ਨੂੰ ਉੱਚਾ ਬਣਾਉਣਾ ਹੈ।

*ਸਾਨੂੰ ਆਪਣੇ ਜੀਵਨ ਦੀ ਹਰ ਗੱਲ ਅਤੇ ਹਰ ਰਿਸ਼ਤੇ ਲਈ ਇੱਕਲੇ ਆਪਣੇ ਪਿਤਾ ਪਰਮੇਸ਼ੁਰ ਨਾਲ ਗੱਲ ਬਾਤ ਕਰਨ ਦਾ ਹਰ ਦਿਨ ਸਮਾਂ ਕੱਢਣਾ ਚਾਹੀਦਾ ਹੈ।ਪਰਮੇਸ਼ੁਰ ਦੇ ਬਚਨ ਨੂੰ ਪੜ੍ਹਨ ਅਤੇ ਸੁਣਨ ਵੇਲੇ ਅੰਦਰੋ ਪੁੱਛਦੇ ਰਹਿਣਾ ਚਾਹੀਦਾ ਹੈ ਕਿ ਪਰਮੇਸ਼ੁਰ ਆਪਣੀ ਇੱਛਾ ਸਾਨੂੰ ਦੱਸੇ। "ਉਹ (ਪ੍ਰਭੂ ਯਿਸੂ) ਵੱਡੇ ਤੜਕੇ ਕੁਝ ਰਾਤ ਰਹਿੰਦਿਆਂ ਉੱਠ ਕੇ ਬਾਹਰ ਨਿੱਕਲਿਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ।" (ਮਰਕੁਸ 1:35) ਜੇ ਪ੍ਰਭੂ ਯਿਸੂ ਨੂੰ ਕੱਲੇ ਜਾ ਕੇ ਪ੍ਰਾਰਥਨਾ ਕਰਨ ਦੀ ਲੋੜ ਸੀ ਤੇ ਸਾਨੂੰ ਕਿੰਨੀ ਵਧੀਕ ਇਹਦੀ ਲੋੜ ਹੈ।

*ਜਿਨ੍ਹਾਂ ਨਾਲ ਅਸੀਂ ਜੁੜੇ ਹੋਏ ਹਾਂ ਉਨ੍ਹਾਂ ਨਾਲ ਬੈਠਕੇ ਸਾਨੂੰ ਇੱਕ ਦੂਏ ਦੀ ਸੁਣਨੀ ਅਤੇ ਪਰਮੇਸ਼ੁਰ ਦੇ ਬਚਨ ਨੂੰ ਪੜ੍ਹਨਾ ਚਾਹੀਦਾ ਹੈ। ਸਾਰੀਆਂ ਗੱਲਾਂ ਫਿਰ ਪਰਮੇਸ਼ੁਰ ਦੇ ਅੱਗੇ ਸੱਚੇ ਦਿਲ ਨਾਲ ਰੱਖਣੀਆਂ ਚਾਹੀਦੀਆਂ ਹਨ। ਭਾਵੇਂ ਛੋਟਾ ਹੋਵੇ ਯਾ ਵੱਡਾ ਕਿਸੇ ਇੱਕ ਨੂੰ ਜ਼ਰੂਰ ਲੱਭਣਾ ਚਾਹੀਦਾ ਹੈ ਜਿਹਦੇ ਨਾਲ ਰੱਲ ਕੇ ਅਸੀਂ ਪਰਮੇਸ਼ੁਰ ਦੀ ਇੱਛਾ ਭਾਲ ਸਕੀਏ।ਪ੍ਰਭੂ ਯਿਸੂ ਨੇ ਕਿਹਾ - "...ਜੇ ਤੁਹਾਡੇ ਵਿੱਚੋਂ ਦੋ ਜਣੇ ਧਰਤੀ ਉੱਤੇ ਕਿਸੇ ਕੰਮ ਲਈ ਮਿਲ ਕੇ (ਇੱਕ ਮਤ ਹੋ ਕੇ) ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ। ਕਿਉਂਕਿ ਜਿੱਥੇ ਦੋ ਯਾ ਤਿੰਨ ਮੇਰੇ ਨਾਮ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।" (ਮੱਤੀ 18:19-20) ਉਪਦੇਸ਼ਕ ਨੇ ਇਹ ਆਖਿਆ ਹੈ - "ਇੱਕ ਨਾਲੋਂ ਦੋ ਚੰਗੇ ਹਨ ਕਿਉਂ ਜੋ ਉਨ੍ਹਾਂ ਦੀ ਮਿਹਨਤ ਦੀ ਚੰਗੀ ਖੱਟੀ ਹੁੰਦੀ ਹੈ। ਕਿਉਂਕਿ ਜੇ ਉਹ ਡਿੱਗ ਪੈਣ ਤਾਂ ਇੱਕ ਜਣਾ ਦੂਜੇ ਨੂੰ ਚੁੱਕੇਗਾ ਪਰ ਹਾਏ ਉਹ ਦੇ ਉੱਤੇ ਜਿਹੜਾ ਇਕੱਲਾ ਡਿਗਦਾ ਹੈ ਕਿਉਂ ਜੋ ਉਸ ਦਾ ਦੂਜਾ ਕੋਈ ਨਹੀਂ ਜੋ ਉਹ ਨੂੰ ਚੁੱਕ ਖੜਾ ਕਰੇ।" (ਉਪਦੇਸ਼ਕ ਦੀ ਪੋਥੀ 4:9-10) "ਪਤਰਸ ਅਤੇ ਯੂਹੰਨਾ ਪ੍ਰਾਰਥਨਾ ਕਰਨ ਦੇ ਵੇਲੇ ਤੀਏ ਪਹਿਰ ਹੈਕਲ (ਯਹੂਦਿਆਂ ਦੇ ਮੰਦਰ) ਨੂੰ ਚਲੇ ਜਾਂਦੇ ਸਨ) (ਰਸੂਲਾਂ ਦੇ ਕਰਤੱਬ 3:1) "...ਪਵਿੱਤ੍ਰ ਆਤਮਾ ਨੇ ਕਿਹਾ ਕਿ ਮੇਰੇ ਲਈ ਬਰਨਬਾਸ ਅਤੇ ਸੌਲੁਸ (ਪੌਲੁਸ) ਨੂੰ ਉਸ ਕੰਮ ਦੇ ਲਈ ਵੱਖਰਾ ਕਰੋ ਜਿਹ ਦੇ ਲਈ ਮੈਂ ਉਨ੍ਹਾਂ ਨੂੰ ਬੁਲਾਇਆ ਹੈ।" (ਰਸੂਲਾਂ ਦੇ ਕਰਤੱਬ 13:2) ਵਿਚਾਰਸ਼ੀਲ ਜੀਵਨ ਦੂਜੇ ਵਿਸ਼ਵਾਸੀਆਂ ਦੀਆਂ ਸੋਚਾਂ ਅਤੇ ਵਿਚਾਰਾਂ ਨਾਲ ਮਿਲ ਕੇ ਪ੍ਰਾਰਥਨਾ ਅਤੇ ਸੇਵਾ ਕਰਨਾ ਜਾਣਦਾ ਹੈ।

*ਸੁਣਨ ਦੀ ਆਦਤ ਪਾਉਣੀ ਚਾਹੀਦੀ ਹੈ । "ਤਦ ਯਹੋਵਾਹ (ਪਰਮੇਸ਼ੁਰ )ਆ ਖਲੋਤਾ ਅਤੇ ਅੱਗੇ ਵਾਂਙੁ ਸੱਦਿਆ, "ਸਮੂਏਲ, ਸਮੂਏਲ! ਤਦ ਸਮੂਏਲ ਬੋਲਿਆ, ਫ਼ਰਮਾ (ਬੋਲ - ਹੁਕਮ ਦੇ) ਕਿਉਂ ਜੋ ਤੇਰਾ ਦਾਸ ਸੁਣਦਾ ਹੈ ।"(1ਸਮੂਏਲ 3:10) ਕੁਝ ਲੋਕਾਂ ਦੀ ਨਾ ਸੁਣਨ ਦੀ ਆਦਤ ਉਨ੍ਹਾਂ ਦਾ ਪੱਕਾ ਸੁਭਾਓ ਬਣ ਜਾਂਦਾ ਹੈ ਇਹੋ ਜਿਹੇ ਲੋਕਾਂ ਦੇ ਬਾਰੇ ਪ੍ਰਭੂ ਦਾ ਸੇਵਕ ਆਖਦਾ ਹੈ - "ਉਹ ਦੇ ਵਿਖੇ ਅਸਾਂ ਬਹੁਤ ਕੁਝ ਆਖਣਾ ਹੈ ਜਿਹ ਦਾ ਅਰਥ ਕਰਨਾ ਔਖਾ ਹੈ ਇਸ ਲਈ ਜੋ ਤੁਸੀਂ ਕੰਨਾ ਤੋਂ ਬੋਲੇ ਹੋ ਗਏ ਹੋ (ਉੱਚਾ ਸੁਣਨ ਲੱਗ ਪਏ ਹੋ) ।" (ਇਬਰਾਨੀ 5:11) ਸਾਡੇ ਜੀਵਨ ਦੇ ਕੰਮ ਅਤੇ "ਬਿਜ਼ੀ - ਬਿਜ਼ੀ" ਰਹਿਣ ਵਾਲਾ ਜੀਵਨ ਸਾਨੂੰ ਲਾਪਰਵਾਹ ਬਣਾ ਦਿੰਦਾ ਹੈ । ਅਸੀਂ ਆਪਣੇ ਆਲੇ ਦੁਆਲੇ ਦੀਆਂ ਬਹੁਤ ਸਾਰੀਆਂ ਆਵਾਜ਼ਾਂ ਤੋਂ ਆਪਣਾ ਧਿਆਨ ਹਟਾਉਣ ਲੱਗ ਪੈਂਦੇ ਹਾਂ, ਫਿਰ ਕੁਝ ਚਿਰ ਬਾਦ ਬਾਹਰ ਦੀ ਹੀ ਚੇਤਨਾ (ਗਿਆਨ) ਨਾਲ ਚੱਲਣ ਵੀ ਲੱਗ ਪੈਂਦੇ ਹਾਂ । ਸਾਡੀ ਬੁੱਧੀ, ਚੇਤਨਾ ਅਤੇ ਉਹ ਗਿਆਨ ਜਿਹੜਾ ਅੰਦਰੋਂ ਹਰ ਗੱਲ ਦਾ ਸੱਚਾ ਅਰਥ ਲੱਭਣਾ ਚਾਹੁੰਦਾ ਹੈ, ਕੰਮ ਨਹੀਂ ਕਰਦਾ । ਪ੍ਰਭੂ ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ - "ਇਸ ਕਰਕੇ ਚੌਕਸ ਰਹੋ ਜੋ ਕਿਸ ਤਰ੍ਹਾਂ ਸੁਣਦੇ ਹੋ ਕਿਉਂਕਿ ਜਿਹ ਦੇ ਕੋਲ ਕੁਝ ਹੋਵੇ ਉਹ ਨੂੰ ਦਿੱਤਾ ਜਾਵੇਗਾ ਅਤੇ ਜਿਹ ਦੇ ਕੋਲ ਨਾ ਹੋਵੇ ਉਸ ਤੋਂ ਉਹ ਵੀ ਜੋ ਉਹ ਆਪਣੀ ਜਾਚ (ਸਮਝ) ਵਿੱਚ ਰੱਖਦਾ ਹੈ ਲੈ ਲਿਆ ਜਾਵੇਗਾ ।" (ਲੂਕਾ 8:18) ਭਜਨ ਦਾ ਲਿੱਖਣ ਵਾਲਾ ਆਖਦਾ ਹੈ - "ਮੈਂ ਸੁਣ ਲਵਾਂ ਭਈ ਯਹੋਵਾਹ ਪਰਮੇਸ਼ੁਰ ਕੀ ਆਖੇਗਾ, ਉਹ ਤਾਂ ਆਪਣੀ ਪਰਜਾ ਤੇ ਆਪਣੇ ਸੰਤਾਂ ਨਾਲ ਸ਼ਾਂਤੀ ਦੀਆਂ ਗੱਲਾਂ ਕਰੇਗਾ, ਭਈ ਓਹ ਫੇਰ ਮੂਰਖਤਾਈ ਵੱਲ ਨਾ ਮੁੜਨ ।" (ਜ਼ਬੂਰਾਂ ਦੀ ਪੋਥੀ 85:8) ਸਾਡੇ ਅੰਦਰ ਦੇ ਕੰਨ ਪ੍ਰਭੂ ਸਦਾ ਖੋਲੀ ਰੱਖੇ ਕਿ ਅਸੀਂ ਹਰ ਵੇਲੇ ਪ੍ਰਭੂ ਦੀ ਅਵਾਜ਼ ਸੁਣਨ ਵਾਲੇ ਬਣ ਸਕੀਏ । ਪ੍ਰਭੂ ਯਿਸੂ ਨੇ ਆਖਿਆ - "ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ ।" (ਯੂਹੰਨਾ 10:27) ਸਿੱਖਣਾ ਸੁਣਨ ਤੋਂ ਆਉਂਦਾ ਹੈ । ਅਸੀਂ ਹਰ ਵੇਲੇ ਕਿਹਦੀ ਆਵਾਜ਼ ਪਏ ਸੁਣਦੇ ਹਾਂ, ਆਪਣੀ, ਦੂਜਿਆਂ ਦੀ ਯਾ ਸ਼ਤਾਨ ਦੀ - ਵਿਚਾਰਸ਼ੀਲ ਜੀਵਨ ਇਨ੍ਹਾਂ ਅਵਾਜ਼ਾ ਨੂੰ ਅੰਦਰ ਦੇ ਕੰਨਾ ਨਾਲ ਸੁਣ ਕੇ ਪਰਖਦਾ ਹੈ । ਹਰ ਇੱਕ ਬੰਦਾ ਜੋ ਅੰਦਰ ਦੇ ਕੰਨਾ ਨਾਲ ਸੁਣਨਾ ਸਿੱਖਦਾ ਹੈ ਉਹ ਆਪਣੇ ਅਤੇ ਦੂਜਿਆਂ ਦੇ ਲਈ ਵੱਡੀ ਬਰਕਤ ਦਾ ਕਾਰਨ ਬਣ ਜਾਂਦਾ ਹੈ ।

*ਪਰਮੇਸ਼ੁਰ ਕੋਲੋਂ ਪੁੱਛਣ ਦੀ ਆਦਤ ਪਾਉਣੀ ਚਾਹੀਦੀ ਹੈ । "ਹੇ ਪਰਮੇਸ਼ੁਰ ਤੇਰੀ ਕੀ ਮਰਜ਼ੀ ਹੈ ?" ਜਦ ਅਸੀਂ ਇਹ ਪੁੱਛਦੇ ਹਾਂ ਤਦ ਸਾਨੂੰ ਪਰਮੇਸ਼ੁਰ ਦੀ ਉਡੀਕ ਵੀ ਕਰਨੀ ਚਾਹੀਦੀ ਹੈ, ਕਿ ਪਰਮੇਸ਼ੁਰ ਵੇਲੇ ਸਿਰ ਸਾਨੂੰ ਜਵਾਬ ਦੇਵੇਗਾ । "ਮੈਂ ਜਿਗਰਾ ਕਰ ਕੇ (ਧੀਰਜ ਨਾਲ) ਯਹੋਵਾਹ (ਪਰਮੇਸ਼ੁਰ) ਨੂੰ ਉਡੀਕਿਆ, ਅਤੇ ਉਸ ਨੇ ਮੇਰੀ ਵੱਲ ਝੁੱਕ ਕੇ ਮੇਰੀ ਦੁਹਾਈ ਸੁਣ ਲਈ ।" (ਜ਼ਬੂਰਾਂ ਦੀ ਪੋਥੀ 40:1) ਇਸ "ਝਟਪਟੀ" ਦੀ ਦੁਨੀਆਂ ਵਿੱਚ ਹਰ ਕੋਈ ਝਟ ਹੀ ਹਰ ਗੱਲ ਦਾ ਜਵਾਬ ਚਾਹੁੰਦਾ ਹੈ । ਪਰਮੇਸ਼ੁਰ ਦੇ ਜਵਾਬ ਪੱਕੇ ਅਤੇ ਪੂਰੇ ਹੁੰਦੇ ਹਨ ਉਨ੍ਹਾਂ ਦਾ ਅੰਤ ਸਦਾ ਦੀ ਸ਼ਾਂਤੀ ਹੁੰਦਾ ਹੈ । ਜਦ ਅਸੀਂ ਪਰਮੇਸ਼ੁਰ ਤੋਂ ਪੁੱਛਦੇ ਹਾਂ ਤਦ ਸਾਨੂੰ ਸਬਰ ਨਾਲ ਪੁੱਛਦੇ ਰਹਿਣਾ ਚਾਹੀਦਾ ਹੈ, ਇਸਨੂੰ ਅਸੀਂ ਪਰਮੇਸ਼ੁਰ ਦੀ ਉਡੀਕ ਕਰਨਾ ਆਖਦੇ ਹਾਂ । "ਸਾਡਾ ਜੀ ਯਹੋਵਾਹ (ਪਰਮੇਸ਼ੁਰ) ਦੀ ਉਡੀਕ ਕਰਦਾ ਹੈ, ਉਹੋ ਸਾਡਾ ਸਹਾਇਕ ਅਤੇ ਸਾਡੀ ਢਾਲ ਹੈ ।" (ਜ਼ਬੂਰਾਂ ਦੀ ਪੋਥੀ 33:20) ਪ੍ਰਭੂ ਦੇ ਸੇਵਕ ਦਾਊਦ ਦੇ ਜੀਵਨ ਤੋਂ ਅਸੀਂ ਸਿੱਖਦੇ ਹਾਂ ਕਿ ਉਹ ਪਰਮੇਸ਼ੁਰ ਕੋਲੋਂ ਪੁੱਛ ਕੇ ਕਦਮ ਚੁਕਦਾ ਸੀ । ਅਸੀਂ ਬਾਰ ਬਾਰ ਇਹ ਪੜ੍ਹਦੇ ਹਾਂ - "ਤਦ ਦਾਊਦ ਨੇ ਯਹੋਵਾਹ (ਪਰਮੇਸ਼ੁਰ) ਕੋਲੋਂ ਪੁਛਿਆ..."(ਇਨਾਂ ਸਾਰੀਆਂ ਆਇਤਾਂ ਨੂੰ ਤੁਸੀਂ ਪੜ੍ਹ ਕੇ ਦੇਖੋ । 1ਸਮੂਏਲ 23:2, 4; 30:8 2ਸਮੂਏਲ 2:1 ਅਤੇ 5:19 ਅਤੇ 23) ਪ੍ਰਭੂ ਯਿਸੂ ਨੇ ਵੀ ਆਖਿਆ ਹੈ - "ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ । ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ ।" (ਯੂਹੰਨਾ 8:29) ਪਰਮੇਸ਼ੁਰ ਦੇ ਮਨ ਨੂੰ ਭਾਉਣ ਵਾਲੇ ਕੰਮ ਕਰਨ ਲਈ ਪ੍ਰਭੂ ਤੋਂ ਪੁੱਛਣ ਦੀ ਅਤੇ ਉਹ ਦੀ ਉਡੀਕ ਕਰਨ ਦੀ ਆਦਤ ਪਾਉਣੀ ਪਵੇਗੀ । ਜਿਹੜੇ ਪਰਮੇਸ਼ੁਰ ਦੀ ਉਡੀਕ ਕਰਦੇ ਹਨ ਉਹੀ ਨਵਾਂ ਬਲ ਪਾਉਂਦੇ ਹਨ - "ਪਰ ਯਹੋਵਾਹ (ਪਰਮੇਸ਼ੁਰ) ਦੇ ਉਡੀਕਣ ਵਾਲੇ ਨਵੇਂ ਸਿਰਿਓਂ ਬਲ ਪਾਉਣਗੇ, ਓਹ ਉਕਾਬਾਂ ਵਾਂਙੁ ਖੰਭਾਂ ਉੱਤੇ ਉੱਡਣਗੇ, ਓਹ ਦੌੜਨਗੇ ਤੇ ਨਾ ਥੱਕਣਗੇ, ਓਹ ਫਿਰਨਗੇ (ਯਾਤ੍ਰਾ ਕਰਨਗੇ) ਅਰ ਹੁੱਸਣਗੇ ਨਹੀਂ (ਕਮਜ਼ੋਰ ਨਹੀਂ ਹੋਣਗੇ) ।" (ਯਸਾਯਾਹ 40:31) ਸਾਨੂੰ ਪ੍ਰਭੂ ਤੋਂ ਪੁੱਛ ਕੇ ਹੀ ਸਭ ਕੁਝ ਕਰਨਾ ਚਾਹੀਦਾ ਹੈ । ਜਿਨ੍ਹਾਂ ਪ੍ਰਭੂ ਦੇ ਸੇਵਕਾਂ ਉੱਤੇ ਤੁਹਾਡਾ ਭਰੋਸਾ

ਹੋਵੇ ਅਤੇ ਜੋ ਤੁਹਾਨੂੰ ਨਿਰਪੱਖ (ਕਿਸੇ ਦੀ ਤਰਫ਼ਦਾਰੀ ਨਾ ਕਰਨਵਾਲੀ) ਸੱਚੀ ਸਲਾਹ ਦੇਣ, ਉਨ੍ਹਾਂ ਤੋਂ ਵੀ ਪੁੱਛਣਾ ਚਹੀਦਾ ਹੈ। ਜਦ ਤਕ ਪ੍ਰਭੂ ਦੀ ਪੂਰੀ ਸ਼ਾਂਤੀ ਆਤਮਾ ਵਿੱਚ ਨਾ ਆ ਜਾਵੇ ਕੋਈ ਵੀ ਕਦਮ ਨਹੀਂ ਚੁੱਕਣਾ ਚਾਹੀਦਾ ਅਤੇ ਪ੍ਰਾਰਥਨਾ ਕਰਦੇ ਰਹਿਣਾ ਚਾਹੀਦਾ ਹੈ। ਵਿਚਾਰਸ਼ੀਲ ਜੀਵਨ ਪੁੱਛ ਕੇ ਚਲਦਾ ਹੈ ਅਤੇ ਪਰਮੇਸ਼ੁਰ ਦੇ ਸਮੇਂ ਦੀ ਉਡੀਕ ਕਰਦਾ ਹੈ। ਇਹ ਸਾਡੀ ਡੂੰਘੀ ਇੱਛਾ ਹੋਣੀ ਚਾਹੀਦੀ ਹੈ ਕਿ ਪ੍ਰਭੂ ਦੇ ਵਿਚਾਰਾਂ ਨੂੰ ਸਮਝ ਕੇ ਉਨ੍ਹਾਂ ਤੇ ਪੱਕੇ ਰਹਿਣ ਵਾਲੇ ਵਿਅਕਤੀ ਬਣ ਜਾਈਏ।

ਪਰਮੇਸ਼ੁਰ ਨੇ ਹਰ ਮਨੁੱਖ ਨੂੰ ਇੱਕ ਸੋਚ ਵਿਚਾਰ ਕਰਨ ਦਾ ਮਨ ਦਿੱਤਾ ਹੈ, ਵਿਚਾਰਸ਼ੀਲ ਵਿਸ਼ਵਾਸੀ ਬਚਨ ਦੀ ਸਹਾਇਤਾ ਨਾਲ ਹਰ ਦਿਨ ਉਹਦੀ ਸਫ਼ਾਈ ਕਰਦਾ ਹੈ। ਪਵਿੱਤਰ ਆਤਮਾ ਦੀ ਸਹਾਇਤਾ ਨਾਲ ਆਪਣੇ ਮਨ ਨੂੰ ਚੰਗੇ ਵਿਚਾਰਾਂ, ਖਿਆਲਾਂ ਅਤੇ ਇਰਾਦਿਆਂ ਨਾਲ ਸਜਾਉਂਦਾ ਅਤੇ ਸੁੰਦਰ ਬਣਾ ਕੇ ਰੱਖਦਾ ਹੈ। ਪ੍ਰਭੂ ਦੇ ਸੇਵਕ ਪੌਲੁਸ ਨੇ ਆਖਿਆ - "ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ। ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ (ਉਚਿਤ ਅਤੇ ਸਹੀ) ਹਨ, ਜਿਹੜੀਆਂ ਸ਼ੁੱਧ (ਪਵਿੱਤ੍ਰ) ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੋ ਕੁਝ ਗੁਣ ਹੈ ਅਤੇ ਜੋ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦਾ ਵਿਚਾਰ ਕਰੋ। ਜੋ ਕੁੱਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿੱਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੱਗ ਹੋਵੇਗਾ।" (2ਕੁਰਿੰਥੀਆਂ 10:5 ਅਤੇ ਫ਼ਿਲਿੱਪੀਆਂ 4:8-9)

**"ਯਹੋਵਾਹ (ਪਰਮੇਸ਼ੁਰ) ਉਸ ਦਾ ਨਾਮ ਹੈ,-ਉਹ ਇਉਂ ਆਖਦਾ ਹੈ,**
**'ਮੈਨੂੰ ਪੁਕਾਰ ਅਤੇ ਮੈਂ ਤੈਨੂੰ ਉੱਤਰ ਦਿਆਂਗਾ ਅਤੇ**
**ਮੈਂ ਤੈਨੂੰ ਵੱਡੀਆਂ ਵੱਡੀਆਂ ਅਤੇ ਔਖੀਆਂ ਗੱਲਾਂ ਦੱਸਾਂਗਾ ਜਿਨ੍ਹਾਂ ਨੂੰ ਤੂੰ ਨਹੀਂ ਜਾਣਦਾ।' "**
(ਯਿਰਮਿਯਾਹ 33:3)